# ਅੰਮ੍ਰਿਤ ਕੀਰਤਨ

ਅਗਸਤ **2010**

ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ ॥

ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ ॥

ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ ॥

ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ ॥


ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ ॥

ਨਾਨਕ ਪੂਛਿ ਚਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ ॥੧੦॥



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



## ਬੇਬਸੀ

ਕੀ ਆਖਾਂ ਕੀ ਆਖਣ ਜੋਗੀ
ਕੁਝ ਨ ਮੇਰੇ ਪੱਲੇ।

ਮਨ ਦੀਆਂ ਗੱਲਾਂ ਮਨ ਵਿਚ ਰਹਿਵਣ
ਧੁੱਖ ਧੁੱਖ ਸੀਨਾ ਬੱਲੇ।

ਮੂੰਹ-ਤੂੰਹ ਕੁਝ ਆਖ ਨਾ ਸੱਕਾਂ
ਚੁੱਪ ਚਪੀਤੀ ਰਹਿੰਦੀ।

ਜਗ ਲਈ ਮੈਂ ਹਾਸਾ ਬਣ ਗਈ
ਕਹਿੰਦੇ ਬੱਲੇ ਬੱਲੇ

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

ਚੰਦੇ ਦਾ ਵੇਰਵਾ

- ▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ftu Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ


ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ

ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)

422, ਸੈਕਟਰ 15-ਏ, ਚੰਡੀਗੜ੍ਹ 160 015

ਫੋਨ : 0172-2772660, 098140 53630

e-mail: drjagirsingh@gmail.com

Website : www.amritkirtan.com, www.gurshabad.com

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਮਿਤ੍ਰ ਅਸਾਡੜੇ ਸੇਈ 4

ਕਰਉ ਬੇਨੰਤੀਆ - ਸੰਪਾਦਕੀ 5

ਸੱਚ ਕੀ ਬੇਲਾ 6
ਕਰਤਾਰ ਸਿੰਘ ਨੀਲਧਾਰੀ

ਸੰਗੀਤ ਅਤੇ ਹੋਰ ਕਲਾਵਾਂ 10
ਰਵਿੰਦਰ ਕੌਰ

ਗੁਰੂ ਨਾਨਕ ਦੇਵ ਜੀ ਦੀ ਕਾਵਿ-ਸੰਗੀਤ ਕਲਾ
ਡਾ. ਹਰਬੰਸ ਸਿੰਘ 15

ਨਵੀਨ ਗੁਰਮਤਿ ਸੰਗੀਤ 20
ਗੁਰਜੰਟ ਸਿੰਘ ਰਾਹੀ

**BOOK REVIEW** 21
**Dr. Kanwaljit Singh**

ਸੁਰ ਲਿਪੀ 23
ਜਬਰ ਜੰਗ ਸਿੰਘ

ਸੁਰ ਲਿਪੀ ਦੇ ਅਰਥ 26


**Please forward your e-mail id at drjagirsingh@gmail.com**

# ✉ ਮਿਤ੍ਰ ਅਸਾਡੜੇ ਸੇਈ

I feel proud in addressing this note to tell you how happy I am to have read Dr Kanwaljit Singh's well-researched article titled "Sikh Sacred Music: An Introduction" published in the July issue of Amrit Kirtan. He has convincingly answered crucial questions concerning the many moods and colours which the 31 Ragas prescribed in Guru Granth Sahib evoke as well as express. These queries I had put to many learned scholars, including non-Sikhs, but nobody had the answer. Dr Kanwaljit Singh's essay is thus as widely informative as it is deeply enriching when he says, for example, that "In tradition some of the scholars and kirtankars advocate the following connections between Ragas and feelings established by the time in Kirtan performances: Siree – satisfaction and balance, Majh – loss and beautification…Dhanaasree – inspiration and motivation, Tilang – beautification and yearning…Parbhaatee – bhaktee and seriousness, Jaijaavantee – vairaag." In this respect, the author's averment, "The raga helping to keep the ever refreshing memory of the true name of the Lord is incalculable and precious", sounds axiomatic.

Earlier you had published an article on Panth Ratan Giani Sant Singh Maskeen [my apologies for misplacing the issue: I can't recollect the author's name and the month of publication] which provided rare information about the legendary *kathakaar*, including his *nit-nem*, his habits, his persona, and his compassion. I would like to add that Maskeen was not only a scholar par excellence but one of the most original thinkers of the world. His discourses were deliberations on matters spiritual which were inspired by *Wah-i-Guru*, and not merely memorised notes of material recycled from here and there. I was deeply struck by his creative ability to connect concepts and tenets of different religions of the world with their historical background, geography, politics, social mores, cultural imperatives, and so forth. And he did so in utter humility which Guru Nanak has made the cardinal principle of the Sikh Faith—without uttering a word that could be misconstrued or would hurt anyone's religious sentiments. I am saying so on the strength of my personal study of World Religions, Western philosophy, and Indian metaphysics—which formed the base material for my second PhD, now published as book titled *"GURU NANAK BANI: Revelation, Mysticism, Creativity"* published by Harman Publishing House, New Delhi [Contact Person: Neetu – Cell No. 0-9971468109]. Through your wonderful magazine I want to appeal to Maskeen's son and his many admirers to provide me with authentic material, pictures, and anecdotes—and I will write a book in English on the great man so that his rare contribution to inter-faith dialogue could be made known to all those who do not Punjabi.

Yours faithfully,

**Dr SS Bhatti**

Former Principal, Chandigarh College of Architecture, Chandigarh [1984-1996]

Ex-Fellow and Dean, Faculty of Design and Fine Arts [1984-1996], Panjab University

# 3314, Sector 15-D, Chandigarh-160015

**Phone:** +91-172-2773258 [R] **E-Mail:** ssbhatti24@yahoo.com

# ਉਮਰ ਛੋਟੀ ਸੂਝ ਵੱਡੀ

ਬੀਬੀ ਸਤਨਾਮ ਕੌਰ ਜੀ (●98197-93357), ਮੁੰਬਈ, ਗੁਰਬਾਣੀ ਕਲਾਸ ਵਾਲਿਆਂ ਦੀ ਪੁਸਤਕ **ਉਮਰ ਛੋਟੀ ਸੂਝ ਵੱਡੀ** ਦੀ ਦੂਜੀ ਐਡੀਸ਼ਨ ਪ੍ਰਾਪਤ ਹੋਈ। ਇਹ ਪੁਸਤਕ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਪ੍ਰਕਾਸ਼ਿਤ ਹੋਈ ਹੈ। ਇਹ ਪੁਸਤਕ ਵੀ ਬੀਬੀ ਜੀ ਨੇ ਨਿਵੇਕਲੀ ਸ਼ੈਲੀ ਵਿੱਚ ਲਿਖੀ ਹੈ। ਇਸ ਪੁਸਤਕ ਵਿੱਚ 27 ਵਿਸ਼ਿਆਂ ਬਾਰੇ ਬੜੀ ਸਰਲਤਾ ਅਤੇ ਸਪਸ਼ਟਤਾ ਨਾਲ ਵਾਰਤਾਲਾਪ ਕੀਤੇ ਹੋਏ ਹਨ। ਛੋਟੀ ਉਮਰ ਦੇ ਬੱਚਿਆਂ ਦੇ ਮਨ ਵਿੱਚ ਗੁਰਮਤਿ ਦੇ ਡੂੰਘੇ ਸਿਧਾਂਤਾਂ ਨੂੰ ਪਰਪਕ ਕਰਨ ਦਾ ਜਤਨ ਕੀਤਾ ਗਿਆ ਹੈ। ਗੁਰਮਤਿ ਗਿਆਨ ਨੂੰ ਆਧੁਨਿਕ ਮਾਹੌਲ ਨੂੰ ਧਿਆਨ ਵਿੱਚ ਰੱਖਦਿਆਂ ਵਿਚਾਰਿਆ ਗਿਆ ਹੈ। ਬੱਚੇ ਵਾਰਤਾਲਾਪਾਂ ਰਾਹੀਂ ਆਪਣੇ ਆਪ ਹੀ ਇਹ ਗਿਆਨ ਪ੍ਰਾਪਤ ਕਰੀ ਜਾਂਦੇ ਹਨ। ਬੀਬੀ ਜੀ ਖੁਦ ਇਹਨਾਂ ਗੁਰਮਤਿ ਸਿਧਾਂਤਾਂ ਦੇ ਧਾਰਨੀ ਹਨ ਅਤੇ ਇਹਨਾਂ ਨੂੰ ਉਹਨਾਂ ਨੇ ਆਤਮ ਸਾਤ ਕੀਤਾ ਹੋਇਆ ਹੈ। ਇਸ ਕਰਕੇ ਜਦੋਂ ਉਹ ਬੱਚਿਆਂ ਦੇ ਮਾਨਸਿਕ ਪੱਧਰ ਤੇ ਆ ਕੇ ਗੱਲ ਕਰਕੇ ਹਨ ਤਾਂ ਬੱਚੇ ਉਹਨਾਂ ਦੀ ਗੱਲ ਨੂੰ ਪੂਰੀ ਤਰ੍ਹਾਂ ਸਮਝਦੇ ਹਨ। ਸਿੱਖ ਸ਼ਬਦ ਦਾ ਅਰਥ ਸਮਝਾਉਂਦਿਆਂ ਲਿਖਦੇ ਹਨ-

1. He is humble in order to learn something in life.
2. He is ready to sacrifice his comforts
3. He understands the importance of knowledge
4. He acquires knowledge and remember it.
5. He practices the acquired knowledge.
6. He who benefits mankind through his knowledge.

ਵਾਰਤਾਲਾਪ ਕਰਦਿਆਂ ਕਰਦਿਆਂ ਬੱਚੇ ਖੁਦ ਹੀ ਔਖੀ ਗੱਲ ਨੂੰ ਵੀ ਸਮਝਣ ਲਈ ਪ੍ਰੇਰਿਤ ਹੋ ਜਾਂਦੇ ਹਨ। ਜਿਵੇਂ ਜਾਪ ਸਾਹਿਬ ਬਾਰੇ ਚਰਚਾ ਕਰਦਿਆਂ ਇੱਕ ਬੱਚਾ ਕਹਿ ਉਠਦਾ ਹੈ- so what if the Bani is difficult to learn. don't we do other difficult things in life? we will make sure that we put in hard work and focus on learning and I am sure that we will be able to learn Jaap Sahib.

ਇਹ ਪੁਸਤਕ ਭਾਵੇਂ ਸਰਲ ਅੰਗਰੇਜੀ ਵਿੱਚ ਲਿਖੀ ਗਈ ਹੈ। ਸਕੂਲ ਪੜ੍ਹਦੇ ਵਿਦਿਆਰਥੀ ਇਸ ਨੂੰ ਸਮਝ ਸਕਦੇ ਹਨ। ਪਰ ਇਸ ਨੂੰ ਪੰਜਾਬੀ ਵਿੱਚ ਵੀ ਪ੍ਰਕਾਸ਼ਿਤ ਕੀਤਾ ਜਾਵੇ ਤਾਂ ਵਿਦਿਆਰਥੀ ਵਧੇਰੇ ਲਾਭ ਪ੍ਰਾਪਤ ਕਰ ਸਕਦੇ ਹਨ। ਮੈਂ ਅਜੇਹੇ ਜਤਨਾਂ ਲਈ ਬੀਬੀ ਜੀ ਨੂੰ ਵਧਾਈ ਦਿੰਦਾ ਹਾਂ ਅਤੇ ਉਹਨਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦਾ ਹਾਂ।

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਇਹ ਜਤਨ ਸ਼ਲਾਘਾਯੋਗ ਹੈ। ਜਿਹਨਾਂ ਉਦੇਸ਼ਾਂ ਨੂੰ ਸਾਹਮਣੇ ਰੱਖ ਕੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੀ ਸਥਾਪਨਾ ਕੀਤੀ ਗਈ ਸੀ ਇਸ ਨਾਲ ਉਹਨਾਂ ਦੀ ਪੂਰਤੀ ਹੁੰਦੀ ਹੈ। ਅਜੋਕੇ ਵਿਵਾਦਗ੍ਰਸਤ ਮਸਲਿਆਂ ਬਾਰੇ ਚਰਚਾ ਕਰਨ ਦਾ ਲਾਲਚ ਛੱਡ ਕੇ ਕੇਵਲ ਨੌਜੁਆਨ ਪੀੜ੍ਹੀ ਦੀ ਸੰਭਾਲ ਕਰਨਾ ਵਧੇਰੇ ਮਹੱਤਵਪੂਰਨ ਹੋ ਸਕਦਾ ਹੈ।

# ਸੱਚ ਕੀ ਬੇਲਾ

## ਕਰਤਾਰ ਸਿੰਘ ਨੀਲਧਾਰੀ

ਸਚ ਕੀ ਬਾਣੀ ਨਾਨਕੁ ਆਖੈ
ਸਚੁ ਸੁਣਾਇਸੀ ਸਚ ਕੀ ਵੇਲਾ" (723)

ਨੀਤੀਵਾਨ ਲਿਖਦੇ ਹਨ ਕਿ ਅਪ੍ਰਿਅ ਸੱਚ ਵੀ ਨਾ ਬੋਲੋ ਅਤੇ ਐਸਾ ਸੱਚ ਵੀ ਨਾ ਬੋਲੋ ਜਿਸਦੇ ਨਾਲ ਕਿਸੇ ਦਾ ਜੀਵਨ ਖਤਰੇ ਵਿਚ ਆ ਜਾਏ। ਜੰਗਲ ਵਿਚ ਇਕ ਸਾਧ ਬੈਠਾ ਸੀ ਤੇ ਉਸਦੇ ਸਾਹਮਣੇ ਡਰਿਆ ਹੋਇਆ ਹਿਰਣ ਦਾ ਬੱਚਾ ਦੌੜਦਾ ਆਇਆ ਤੇ ਆਸ਼ਰਮ ਵਿਚ ਵੜ ਗਿਆ। ਮਗਰੋਂ ਹਾਂਫਦਾ ਹੋਇਆ ਇਕ ਰਾਜਾ ਆਇਆ।ਉਸ ਸ਼ਿਕਾਰੀ ਰਾਜਾ ਨੇ ਸਾਧੂ ਨੂੰ ਪੁੱਛਿਆ-ਮੁਨੀਵਰ ਤੁਸੀਂ ਕੋਈ ਹਿਰਣ ਜਾਂਦਾ ਦੇਖਿਆ ਹੈ? ਸਾਧੂ ਨੇ ਕੋਈ ਜੁਆਬ ਨਾ ਦਿੱਤਾ। ਰਾਜਾ ਨੇ ਬਾਰ ਬਾਰ ਇਹ ਸੁਆਲ ਕੀਤਾ। ਆਖਿਰ ਛਿੱਥਾ ਪੈ ਕੇ ਰਾਜੇ ਨੇ ਕਿਹਾ, ਸਾਧੂ ਮਹਾਰਾਜ, ਕੁਝ ਤਾਂ ਬੋਲੋ। ਸਾਧੂ ਨੇ ਹੱਸ ਕੇ ਕਿਹਾ-ਰਾਜਨ, ਜੋ ਦੇਖਦੀਆਂ ਹਨ ਉਹ ਬੋਲ ਨਹੀਂ ਸਕਦੀਆਂ ਤੇ ਜੋ ਬੋਲਦਾ ਹੈ ਉਹ ਦੇਖ ਨਹੀਂ ਸਕਦਾ। ਮੈਂ ਤਾਂ ਇਸ ਚਿੰਤਨ ਵਿਚ ਬੈਠਾ ਹਾਂ। ਤੇਰੇ ਸੁਆਲ ਦਾ ਕੀ ਜੁਆਬ ਦਿਆਂ? ਰਾਜਾ ਇਹ ਬਚਨ ਸੁਣ ਕੇ ਚਕਰਾ ਗਿਆ ਤੇ ਜਿੱਧਰੋਂ ਆਇਆ ਸੀ ਉਧਰ ਹੀ ਮੁੜ ਗਿਆ।

ਇਕ ਪਤ੍ਰਿਕਾ ਨੂੰ ਕਿਸੇ ਕੀਰਤਨ ਸਮਾਗਮ ਬਾਰੇ ਨਿਜੀ ਅਨੁਭਵ ਲਿਖਕੇ ਭੇਜੇ ਤਾਂ ਉਸ ਦੇ ਸੰਪਾਦਕ ਨੇ ਸਾਫ ਕਹਿ ਦਿੱਤਾ ਕਿ ਉਹ ਸਾਰਾ ਸੱਚ ਨਹੀਂ ਛਾਪ ਸਕਦਾ। ਕਲਾਸੀਕਲ ਸੰਗੀਤ ਕੀਰਤਨ ਦੇ ਵਿਦਵਾਨ ਨੇ ਕਿਤੇ ਨਿਰਲੇਪ ਭਾਵ ਨਾਲ ਕੀਰਤਨ ਦੇ ਢਹਿੰਦੇ ਮਿਆਰ ਬਾਰੇ ਲਿਖਿਆ ਸੀ ਤਾਂ ਇਕ ਤਗੜੀ ਯੂਨੀਅਨ ਬਾਜੀ ਹੋਂਦ ਵਿਚ ਆ ਗਈ।ਗੁਰਮਤਿ ਕੀਰਤਨ ਸੰਗੀਤ ਪ੍ਰਤੀ ਇਹ ਪ੍ਰਚਾਰ ਸ਼ੁਰੂ ਹੋਇਆ। ਇਸ ਸਮੇਂ ਵਿਚ ਲੋਕਾਈ ਕਲਾਸੀਕਲ ਕੀਰਤਨ ਨੂੰ ਨਾ ਸਮਝਦੀ ਹੈ ਤੇ ਨਾ ਹੀ ਪਸੰਦ ਕਰਦੀ ਹੈ। ਇਹ ਵੀ ਹਕੀਕਤ ਹੈ ਕਿ ਨਾਮਧਾਰੀ ਦਰਬਾਰ ਤੰਤੀ ਸਾਜਾਂ ਨਾਲ ਗੁਰਮਤਿ ਰੀਤ ਦੇ ਕੀਰਤਨ ਦਾ ਰਹਿਨੁਮਾ ਤੇ ਆਦਰਸ਼ ਬਣ ਕੇ ਉਘੜਿਆ ਹੈ ਅਤੇ ਅਨੇਕ ਅਦਾਰਿਆਂ ਦਾ ਪ੍ਰੇਰਣਾ ਸ੍ਰੋਤ ਬਣਿਆ ਹੋਇਆ ਹੈ।

ਨਾਮਧਾਰੀ ਪੰਥ ਨੀਲੇ ਰੰਗ ਨੂੰ ਕਲਜੁਗੀ ਪਹਿਰਾਵਾ ਸਮਝਦੇ ਹਨ:

ਕਲਿ ਮਹਿ ਬੇਦੁ ਅਥਰਬਣੁ ਹੂਆ, ਨਾਉ ਖੁਦਾਈ ਅਲਹੁ ਭਇਆ।।

ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ।

ਨਾਮਧਾਰੀ ਪੰਥ ਦੇ ਇਕ ਚਿੰਤਨਸ਼ੀਲ ਵਰਗ ਨੇ ਨਾਮਧਾਰੀ ਪੰਥ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਤੋਂ ਬਾਅਦ ਕਿਸੇ ਗੱਦੀ ਪਰੰਪਰਾ ਨੂੰ ਸਵੀਕਾਰ ਨਹੀਂ ਸੀ ਕੀਤਾ। ਇਸ ਮੱਤ ਦੇ ਪ੍ਰੱਖਰ ਪ੍ਰਵਕਤਾ ਸੰਤ ਮਹਾਰਾਜ ਹਰਨਾਮ ਸਿੰਘ ਜੀ ਕਿਲੇ ਵਾਲੇ ਸੰਤਾਂ ਦੇ ਰੂਪ ਵਿਚ ਜਾਣੇ ਜਾਂਦੇ ਸਨ ਅਤੇ ਦੇਸ਼ ਵਿਭਾਜਨ ਤੋਂ ਬਾਅਦ ਨੌਸ਼ਹਿਰਾ ਮੱਝਾ ਸਿੰਘ (ਗੁਰਦਾਸਪੁਰ) ਵਿਚ ਡੇਰਾ ਬਣਾ ਕੇ ਨੁਸ਼ਹਿਰੇ ਵਾਲੇ ਸੰਤਾ ਦੇ ਰੂਪ ਵਿਚ ਵੀ ਜਾਣੇ ਜਾਂਦੇ ਰਹੇ। ਆਪ ਨੇ ਸਾਰੀ ਉਮਰ ਗੁਰ ਮਰਯਾਦਾ ਦਾ ਸਾਤਵਿਕ ਪ੍ਰਚਾਰ ਕਰਦੇ ਹੋਏ ਗੁਰਬਾਣੀ ਦੇ ਸ਼ੁਧ ਗਾਇਨ ਪਾਠ ਅਤੇ ਸਮੇਂ ਨੇਮ ਅਨੁਸਾਰ ਰਾਗ ਕੀਰਤਨ ਦੀ ਮਰਯਾਦਾ ਉਤੇ ਪਹਿਰਾ ਦਿੱਤਾ। ਆਪਦੀ ਹਜੂਰੀ ਵਿਚ ਜਦੋਂ ਵੀ ਕੀਰਤਨ ਹੁੰਦਾ ਇਕ ਸੇਵਕ ਪੋਥੀ (ਸੈਂਚੀਆ) ਲੈ ਕੇ ਬੈਠਦਾ ਸੀ। ਇਸ ਤਰ੍ਹਾਂ ਸ਼ੁੱਧ ਬਾਣੀ ਗਾਇਨ ਦੀ ਪਰੰਪਰਾ ਦ੍ਰਿੜ ਕੀਤੀ ਸੀ। ਆਪ ਦਾ ਸਪਸ਼ਟ ਬਚਨ ਹੈ ਕਿ ਸਿੱਖ ਧਰਮ ਦੇ ਦੋ ਤਖ਼ਤ ਹਨ-ਇਕ ਕੀਰਤਨ ਤੇ ਦੂਜਾ ਲੰਗਰ ਅਤੇ ਦੋਹਾਂ ਵਿਚ ਮਾਈਆਂ ਨੂੰ ਆਉਣ ਦਾ ਹੁਕਮ ਨਹੀਂ। ਆਪਦੇ ਸਨਮੁੱਖ ਗੁਰਦੁਆਰੇ ਦੇ ਕੀਰਤਨ ਵਿਚ ਅਤੇ ਵੱਡੇ ਲੰਗਰ ਵਿਚ ਮਾਈਆਂ ਸੇਵਾ ਨਹੀਂ ਸੀ ਕਰ ਸਕਦੀਆਂ। ਸੰਗਤ ਵਿਚ ਖੁੱਲੀ ਥਾਂ ਜੋਟੀਆਂ ਧਾਰਨਾਂ ਨਾਲ ਸ਼ਬਦ ਪੜਨ ਸਮੇਂ ਤੇ ਛੋਟੇ ਲੰਗਰ ਵਿਚ ਐਸੀ ਕੋਈ ਬੰਦਸ਼ ਨਹੀਂ ਸੀ।

ਸੰਤ ਜੀ ਮਹਾਰਾਜ ਦਾ ਜਨਮ ਪੋਹ ਸੁਦੀ ਦੋ ਸੰਮਤ 1934 ਕਿਲਾ ਸੂਬਾ ਸਿੰਘ (ਸਿਆਲਕੋਟ - ਪਾਕਿਸਤਾਨ) ਵਿਚ ਹੋਇਆ। ਸੋਲਾਂ ਸਾਲ ਦੀ ਅਵਸਥਾ ਵਿਚ ਆਪ ਵੈਰਾਗ ਵਿਚ ਆ ਕੇ 12-14 ਸਾਲ ਘੋਰ ਤਪ

ਕਰਦੇ ਹੋਏ ਸਦਾ ਤੁਰੀਆ ਅਵਸਥਾ ਵਿਚ ਰਹੇ। ਅਕਾਲ ਪੁਰਖ ਨਾਲ ਸਾਖਿਆਤਕਾਰ ਦਾ ਸਬਬ ਹਰਿ ਮੰਦਿਰ ਸਾਹਿਬ ਜੋੜਿਆਂ ਵਾਲੀ ਥਾਂ ਬੈਠੇ ਮਸਤੀ ਵਿਚ ਹੋਇਆ। ਆਪ ਕਰੀਬਨ ਤੀਹ ਸਾਲ ਦੀ ਉਮਰ ਵਿਚ ਦਾਨੀ ਬਿਰਤੀ ਵਿਚ ਆਏ ਅਤੇ ਨਾਮ (ਸ਼ਬਦ) ਬਾਣੀ (ਸ਼ਬਦ) ਨਾਲ ਲੋਕਾਈ ਨੂੰ ਜੋੜਨ ਦਾ ਪਰੋਪਕਾਰ ਆਰੰਭਿਆ।ਆਪ ਦੀ ਮਸਤੀ ਦੀ ਸ਼ੁਹਰਤ ਸਾਰੇ ਪੰਜਾਬ ਵਿਚ ਫੈਲੀ ਹੋਈ ਸੀ। ਉਸ ਮਸਤੀ ਦੇ ਆਮਲ ਵਿਚ ਸ੍ਰ: ਖੜਕ ਸਿੰਘ ਦੀਆਂ ਰਾਣੀਆਂ ਬਾਰੇ ਸਿਆਲਕੋਟ ਸੰਤ ਜੀ ਪਾਸ ਅਰਜ ਕਰਨ ਆਈਆਂ ਕਿ ਸਰਦਾਰ ਜੀ ਕੈਦ ਤੋਂ ਕਦੋਂ ਛੁੱਟਣਗੇ? ਆਪਨੇ ਸੁਭਾਵਿਕ ਹੀ ਕਿਹਾ ਮਈਆਂ ਸਿੰਘ ਆਵੇਗਾ। ਮਈ ਮਹੀਨੇ ਵਿਚ ਸਰਦਾਰ ਜੀ ਰਿਹਾ ਹੋ ਗਏ। ਦਾਨੀ ਬਿਰਤੀ ਵਿਚ ਆ ਕੇ ਵੀ ਆਪ ਮਸਤੀ ਵਿਚ ਹੀ ਰਹੇ। ਆਪ ਅਨੇਕ ਵਾਰ 5-7-10-15-30 ਦਿਨ ਲਈ ਇਕ ਕਮਰੇ ਤਕ ਸੀਮਤ ਹੋ ਜਾਂਦੇ ਅਤੇ ਨਿਜੀ ਸੇਵਕਾਂ ਤੋਂ ਬਗੈਰ ਸੰਗਤਾਂ ਲਈ ਦਰਸ਼ਨ ਦੁਰਲਭ ਹੋ ਜਾਂਦੇ ਸਨ।

ਕਿਲਾ ਸੂਬਾ ਸਿੰਘ ਵਿਚ ਇਕ ਗੁਰਧਾਮ ਦੇ ਹਜ਼ੂਰੀ ਰਾਗੀ ਆਪਣੇ ਤਾਮ ਝਾਮ ਭਰੇ ਜੱਥੇ ਦੇ ਨਾਲ ਆਏ। ਕਿਸੇ ਸਮੇਂ ਹੋਏ ਮੇਲ ਵਿਚ ਸੰਤ ਜੀ ਮਹਾਰਾਜ ਨੇ ਕਿਲੇ ਆਉਣ ਲਈ ਕਿਹਾ ਸੀ। ਉਸ ਰਾਗੀ ਜੱਥੇ ਲਈ ਵਿਸ਼ੇਸ਼ ਇੰਤਜ਼ਾਮ ਜ਼ਰੂਰ ਹੋਇਆ ਸੀ ਤਾਂ ਜੁ ਪ੍ਰਸਿੱਧ ਰਾਗੀ ਦਾ ਕੀਰਤਨ ਪਿੰਡ ਤੇ ਇਲਾਕੇ ਦੀ ਸੰਗਤ ਪ੍ਰੇਮ ਨਾਲ ਸੁਣ ਸਕੇ। ਉਸ ਰਾਗੀ ਸਾਹਿਬ ਨੇ ਬੜੇ ਮਾਣ ਨਾਲ ਕਿਹਾ ਕਿ ਉਹ ਸੰਤ ਜੀ ਦੇ ਸੱਦੇ ਹੋਏ ਆਏ ਹਨ ਕਿਉਂਕਿ ਸੰਤ ਜੀ ਕੀਰਤਨ ਦੇ ਬੜੇ ਕਦਰਦਾਨ ਹਨ। ਉਂਝ ਇਹ ਪਿਡਾਂ ਦਾ ਥਕਾਨ ਭਰਿਆ ਸਫਰ ਨਹੀਂ ਕਰਦੇ ਆਦਿਕ। ਸਾਜਾਂ ਨੂੰ ਸੁਰ ਕਰਕੇ ਉਹਨਾਂ ਨੇ ਆਪਣੀ ਕੀਰਤਨ ਵਿੱਦਿਆ ਨਾਲ ਧ੍ਰਪਦ ਧਮਾਰ ਵਿਚ ਗਾਇਨ ਕੀਤਾ। ਆਪਣੇ ਸਮੇਂ ਦੀ ਸ਼ੁਹਰਤ ਅਨੁਸਾਰ ਸ਼ਬਦ ਦੇ ਕੀਰਤਨ ਨਾਲ ਨਿਹਾਲ ਕੀਤਾ। ਸੰਤ ਜੀ ਮਹਾਰਾਜ ਆਪਣੀ ਆਦਤ ਅਨੁਸਾਰ ਸਿਰ ਨੀਵਾਂ ਕਰਕੇ ਨੇਤਰ ਬੰਦ ਕਰਕੇ ਏਕਾਰਕ ਚਿੱਤ ਕੀਰਤਨ ਸੁਣਦੇ ਰਹੇ। ਸ਼ਬਦ ਦਾ ਕੀਰਤਨ ਸਮਾਪਤ ਹੋਇਆ ਤਾਂ ਸੰਤ ਜੀ ਨੇ ਸਿਰ ਚੁੱਕਿਆ ਤੇ ਰਾਗੀ ਜੀ ਨੂੰ ਕਿਹਾ ਤੁਸੀਂ ਫਲਾਣੀ ਫਲਾਣੀ ਤੁਕ ਗਲਤ ਪੜ੍ਹੀ ਹੈ। ਨਾਮਵਰ ਰਾਗੀ ਨੂੰ ਸ਼ਾਇਦ ਜ਼ਿੰਦਗੀ ਵਿਚ ਪਹਿਲੀ ਵਾਰ ਟੋਕਿਆ ਗਿਆ ਸੀ। ਉਸਨੇ ਸਤਿਕਾਰ ਨਾਲ ਗਲਤੀਆਂ ਨੂੰ ਸਵੀਕਾਰ ਕੀਤਾ ਤੇ ਮੰਨਿਆ ਕਿ ਅਸ਼ੁੱਧ ਪਾਠ ਨਾਲ ਅਰਥ ਦਾ ਅਨਰਥ ਹੋ ਜਾਂਦਾ ਹੈ। ਹੰਕਾਰ ਦਾ ਇਕ ਮੀਨਾਰਾ ਟੁੱਟ ਗਿਆ ਸੀ। ਰਾਗੀ ਜੀ ਨੇ ਦੂਜੇ ਸ਼ਬਦ ਲਈ ਧੁਨਕਾਰ ਛੇੜੀ ਤਾਂ ਸੰਤ ਜੀ ਮਹਾਰਾਜ ਨੇ ਪੁੱਛਿਆ-ਫਲਾਣਾ ਰਾਗ ਗਾਇਨ ਕਰਨ ਲੱਗੇ ਹਾਂ। ਰਾਗ ਜੀ ਨੇ ਹਾਮੀ ਭਰੀ। ਸੰਤ ਜੀ ਮਹਾਰਾਜ ਨੇ ਕਿਹਾ ਕਿ ਉਸ ਰਾਗ ਦਾ ਗਾਇਨ ਸਮਾਂ ਡੇਢ ਘੰਟਾ ਪਹਿਲਾਂ ਬੀਤ ਚੁੱਕਿਆ ਹੈ। ਜਿਹੜਾ ਬੰਦਾ ਆਪਣੀ ਡਿਊਟੀ ਦੇ ਕੇ ਚਿਲਾ ਗਿਆ ਹੋਵੇ, ਉਸ ਨੂੰ ਦੁਬਾਰਾ ਬੁਲਾਇਆ ਜਾਏ ਤਾਂ ਉਸਨੂੰ ਕਿੰਨੀ ਤਕਲੀਫ ਹੁੰਦੀ ਹੈ। ਰਾਗੀ ਜੀ ਦੇ ਹੰਕਾਰ ਦਾ ਦੂਜਾ ਮੀਨਾਰਾ ਵੀ ਢਹਿ ਗਿਆ। ਆ ਕੇ ਫਤਹਿ ਬੁਲਾ ਕੇ ਸਟੇਜ ਤੇ ਸੱਜ ਜਾਣ ਵਾਲਾ ਰਾਗੀ ਸੰਤ ਜੀ ਮਹਾਰਾਜ ਦੇ ਚਰਣਾਂ ਤੇ ਢਹਿ ਪਿਆ ਤੇ ਅਰਜ ਕੀਤੀ-ਮਹਾਰਾਜ, ਅੱਜ ਤਕ ਮੈਨੂੰ ਕਿਸੇ ਨਹੀਂ ਸੀ ਟੋਕਿਆ।ਆਪਨੇ ਬਾਣੀ ਦੀ ਸ਼ੁੱਧਤਾ ਦੀ ਸਿੱਖਿਆ ਦਿੱਤੀ ਹੈ ਤੇ ਰਾਗ ਦੇ ਗਾਇਨ ਅਨੁਸ਼ਾਸਨ ਦੀ ਪਵਿੱਤਰਤਾ ਸਿਖਾਈ ਹੈ। ਅੱਗੇ ਤੋਂ ਮੈਂ ਇਹ ਦੋਵੇਂ ਬਚਨ ਸਦਾ ਚੇਤੇ ਰੱਖਾਂਗਾ।

(ਨੋਟ - ਇਹ ਪ੍ਰਸੰਗ ਭਾਈ ਗਿਆਨ ਸਿੰਘ ਜੀ ਅਲਮਸਤ ਨਨਕਾਣਾ ਸਾਹਿਬ ਦੇ ਹਜ਼ੂਰੀ ਰਾਗੀ ਦਾ ਮੈਂ ਆਪਣੇ ਪਿਤਾ ਜੀ ਤੋਂ ਸੁਣਿਆ ਹੈ)

ਉਪਰੋਕਤ ਰਾਗੀ ਸਾਹਿਬ ਆਪਨੇ ਦੋ ਪੁੱਤਰਾਂ ਦੇ ਇਕ ਪਾਲਿਤ ਪੁੱਤਰ ਨਾਲ 1953 ਵਿਚ ਮੰਡੀ ਹਿਮਾਚਲ ਵਿਚ ਆਏ ਤੇ ਦਰਪੇਸ਼ ਪਾਤਸਾਹ ਦੇ ਇਤਿਹਾਸਕ ਗੁਰਦੁਆਰੇ ਵਿਚ ਠਹਿਰੇ। ਉਸ ਸਮੇਂ ਕੇਵਲ ਐਤਵਾਰ ਹੀ ਸੰਗਤ ਦੀ ਇਕਤਰਤਾ ਹੁੰਦੀ ਸੀ। ਆਪ ਆਪਣੇ ਸਾਜਾਂ ਨੂੰ ਇਸ ਤਰ੍ਹਾਂ ਖਲਾਰ ਕੇ ਸਜਾਂਦੇ ਸਨ ਕਿ ਸੰਗਤ ਦੂਰ ਦੂਰ ਹੀ ਬੈਠ ਸਕਦੀ ਸੀ। ਬਹੁਤੇ ਤੰਤੀ ਸਾਜ ਐਸੇ ਸਨ ਜੋ ਅੱਜ ਵੀ ਦੂਰਦਰਸ਼ਨ ਤੇ ਕਦੀ ਕਦੀ ਦਿਸਦੇ ਹਨ। ਰਾਗੀ ਸਾਹਿਬ ਵਾਰੀ ਵਾਰੀ ਸਾਰੇ ਸਾਜ਼ਾਂ ਦੀ ਵਰਤੋਂ ਕਰਕੇ ਨਿਹਾਲ ਕਰਦੇ ਸਨ। ਜਲ ਤਰੰਗ ਕਿਸੇ ਹੋਰ ਸਿੱਖ ਰਾਗੀ ਨੂੰ ਵਰਤਦੇ ਨਹੀਂ ਦੇਖਿਆ।ਅਲਬੱਤਾ ਸੰਤ ਸੀ ਮਹਾਰਾਜ ਨੂੰ ਕਈ ਵਾਰ ਮੌਜ ਵਿਚ ਜਲ ਤਰੰਗ ਵਜਾਂਦੇ ਦੇਖਿਆ ਹੈ। ਆਪ ਤਾਂ ਗੜਵੇ ਦਾ ਕੁੰਡਾ ਖੜਕਾ ਕੇ ਵੀ ਕੀਰਤਨ ਕਰ ਲੈਣ ਵਿਚ ਸਮਰੱਥ ਸਨ। ਮੈਨੂੰ ਯਾਦ ਹੈ ਇਸ ਰਾਗੀ ਜੱਥੇ ਨੂੰ ਇਕ ਦਿਨ ਘਰ ਲਿਆ ਕੇ ਲੰਗਰ ਵੀ ਕਰਾਇਆ ਗਿਆ ਸੀ।

ਅਗਲੇ ਸਾਲ ਇਹ ਰਾਗੀ ਜੱਥਾ ਬਰਸਾਤਾਂ ਵਿਚ ਫੇਰ ਮੰਡੀ ਆਇਆ ਸੀ ਤੇ 2-3 ਐਤਵਾਰ ਕੀਰਤਨ

ਸੁਣਿਆ ਸੀ। ਇਕ ਐਤਵਾਰ ਕਿਸੇ ਨੇ ਲੰਗਰ ਦੀ ਅਰਜ ਨਹੀਂ ਸੀ ਕੀਤੀ ਹੋਈ। ਸਾਡੇ ਪਿਤਾ ਜੀ ਨੇ ਭਾਂਪ ਲਿਆ ਤੇ ਕਿਹਾ ਇਕ ਇਕ ਸਰੀਰ ਸਾਡੇ ਨਾਲ ਸ਼ਹਿਰ ਵਿਚ ਭਜ ਦਿਉ ਜੋ ਆਪ ਲੰਗਰ ਛਕਕੇ ਬਾਕੀਆਂ ਲਈ ਲੈ ਆਵੇਗਾ। ਉਹਨਾਂ ਦਿਨਾਂ ਵਿਚ ਸਾਡੀ ਮਾਤਾ ਜੀ ਆਪਣੇ ਪੇਕੇ ਗਵਾਲੀਅਰ ਗਏ ਹੋਏ ਸਨ ਤੇ ਉਸੇ ਸਾਲ ਮੈਂ ਲੰਗਰ ਬਣਾਉਣਾ ਸਿੱਖਿਆ ਸੀ। ਰਾਗੀ ਜੀ ਦਾ ਪਾਲਿਤ ਪੁੱਤਰ ਸਾਡੇ ਨਾਲ ਆ ਗਿਆ ਤੇ ਪ੍ਰਸ਼ਾਦਾ ਤਿਆਰ ਕਰਕੇ ਉਸਨੂੰ ਛਕਾਇਆ ਤੇ ਬਾਕੀਆਂ ਲਈ ਦੇ ਦਿੱਤਾ ਗਿਆ। ਇਹ ਰਾਗੀ ਜੱਥਾ ਮੰਡੀ ਤੋਂ ਵਾਪਸੀ ਤੇ ਨੁਸ਼ਹਿਰਾ ਸਾਹਿਬ ਗਿਆ ਪਰ ਸੰਤ ਜੀ ਮਹਾਰਾਜ ਨੇ ਕੀਰਤਨ ਸੁਣਨ ਤੋਂ ਇਨਕਾਰ ਕਰ ਦਿੱਤਾ। ਸੰਤ ਜੀ ਮਹਾਰਾਜ ਨੇ ਸਪਸ਼ਟ ਕਹਿ ਕਿਹਾ ਕਿ ਤੁਸੀਂ ਮਾਸਾਂਹਾਰ ਕਰਦੇ ਹੋ ਅਤੇ ਆਪਣੀ ਮਰਯਾਦਾ ਵਿਚ ਅਸੀਂ ਮਾਂਸਾਹਾਰੀ ਤੋਂ ਕੀਰਤਨ ਨਹੀਂ ਸੁਣ ਸਕਦੇ। ਇਸ ਤੋਂ ਪਿਛਲੀ ਵਾਰੀ ਸੰਤ ਜੀ ਮਹਾਰਾਜ ਨੇ ਕੀਰਤਨ ਸੁਣਿਆ ਸੀ ਤੇ ਮਾਂਸਾਹਾਰ ਤਿਆਗਨ ਦਾ ਬਚਨ ਕੀਤਾ ਸੀ। ਪ੍ਰਸਿੱਧ ਰਾਗੀ ਦੇ ਪਾਲਿਤ ਪੁੱਤਰ ਨੂੰ ਬੜੀ ਠੇਸ ਲੱਗੀ ਤੇ ਉਹ ਪਾਲਣਹਾਰੇ ਨੂੰ ਛੱਡ ਕੇ ਸੁਤੰਤਰ ਹੋ ਕੇ ਸੰਤ ਜੀ ਮਹਾਰਾਜ ਦੀ ਸ਼ਰਣ ਵਿਚ ਆਇਆ ਤੇ ਨਾਮ ਸਿਰਮਨ ਕਰਦਾ ਮਗਰੋਂ ਇਕ ਡੇਰੇਦਾਰ ਬਣ ਗਿਆ ਤੇ ਸਿੱਖ ਪੰਥ ਇਕ ਸੰਗੀਤ ਮਾਰਤੰਡ ਤੋਂ ਵਾਂਝਿਆ ਹੀ ਰਿਹਾ।

ਇਸ ਵਿਅਕਤੀ ਦੀਆਂ ਉਂਗਲਾਂ ਬਹੁਤ ਲੰਮੀਆਂ ਤੇ ਲਚਕਦਾਰ ਸਨ। ਰਾਗ ਦੀ ਬਹੁਤ ਸੂਝ ਸੀ ਤੇ ਕਾਫੀ ਚਿਰ ਸੰਤ ਜੀ ਮਹਾਰਾਜ ਦੇ ਡੇਰੇ ਵਿਚ ਰਹਿ ਕੇ ਕੀਰਤਨ ਸਮੇਂ ਲਈ ਲੋਚਦਾ ਰਿਹਾ। ਸੰਤ ਜੀ ਮਹਾਰਾਜ ਦੇ ਨਾਲ ਹੀ ਮੰਡੀ ਆਇਆ ਤੇ ਉਥੋਂ ਇਕ ਦਿਨ ਸੰਤ ਜੀ ਮਹਾਰਾਜ ਬੱਗੀ ਨਾਮਕ ਕਸਬੇ ਵਿਚ ਗਏ। ਬੱਗੀ ਵਿਚ ਆਸਾ ਦੀ ਵਾਰ ਦੇ ਕੀਰਤਨ ਤੋਂ ਬਾਅਦ ਇਸ ਸੱਜਣ ਨੂੰ ਕੀਰਤਨ ਕਰਨ ਦਾ ਪਹਿਲਾ ਸਮਾ ਮਿਲਿਆ। ਹਜੂਰੀ ਰਾਗੀ ਜੱਥੇ ਵਿਚ ਤਿੰਨ ਭਰਾ ਭਾਈ ਕਰਮ ਸਿੰਘ, ਭਾਈ ਸਵਰਨ ਸਿੰਘ ਤੇ ਭਾਈ ਭਾਨ ਸਿੰਘ ਸ਼ਾਮਲ ਸਨ। ਭਾਈ ਠਾਕੁਰ ਸਿੰਘ ਦੇ ਨਾਲ ਭਾਈ ਭਾਨ ਸਿੰਘ ਤਬਲਚੀ ਸਾਥ ਨਾ ਨਿਭਾਅ ਸਕੇ। ਠਾਕੁਰ ਸਿੰਘ ਨੇ ਇਕ ਹੱਥ ਹਾਰਮੋਨੀਅਮ ਦੀਆਂ ਸੁਰਾਂ ਉਤੇ ਚਲਾਇਆ ਤੇ ਪੱਖਾ ਭਾਈ ਕਰਮ ਸਿੰਘ ਜੀ ਨੇ ਦਿੱਤਾ। ਦੂਜੇ ਹੱਥ ਨਾਲ ਤਬਲੇ ਤੇ ਤਾਲ ਦਿੱਤਾ। ਦੋਹਾਂ ਹੱਥਾਂ ਦੀ ਫੁਰਤੀ ਤੇ ਚਪਲਤਾ ਅਤੇ ਗਾਇਨ ਦੀ ਸੁਹਲਗਿਰੀ ਦੇਖਣ ਵਾਲੀ ਚੀਜ਼ ਸੀ। ਸ਼ਬਦ ਗਾਇਨ ਤੋਂ ਬਾਅਦ ਸੰਤ ਜੀ ਮਹਾਰਾਜ ਨੇ ਠਾਕੁਰ ਸਿੰਘ ਨੂੰ ਕਿਹਾ ਕਿ ਤੁਸੀਂ ਗੁਰਬਾਣੀ ਦੀ ਸ਼ੁੱਧਤਾ ਭਾਈ ਕਰਮ ਸਿੰਘ ਤੋਂ ਸਿੱਖੋ। ਰਾਗੀ ਕਰਮ ਸਿੰਘ ਨੂੰ ਕਿਹਾ ਕਿ ਤੁਸੀਂ ਰਾਗ ਦਾ ਗੁਣ ਠਾਕੁਰ ਸਿੰਘ ਤੋਂ ਲਵੋ। ਭਾਈ ਕਰਮ ਸਿੰਘ ਨੇ ਕੀਰਤਨ ਸਿੱਖਿਆ ਭਾਈ ਵਰਿਆਮ ਸਿੰਘ ਦੇਹਰਾਦੂਨ ਵਾਲਿਆਂ (ਮਗਰੋਂ ਆਲਮਗੀਰ-ਰਾਜਪੁਰੇ ਆ ਵਸੇ) ਤੋਂ ਲਈ ਸੀ। ਸੰਤ ਜੀ ਮਹਾਰਾਜ ਦੇ ਹਜੂਰ ਰਹਿਣ ਵਾਲੇ ਸਰਦਾਰ ਰਘੁਵੰਤ ਸਿੰਘ ਜੀ ਸਿਰਾਂਵਾਲੀਏ ਤੋਂ ਇਹਨਾਂ ਤਿੰਨਾਂ ਭਰਾਵਾਂ ਨੇ ਕਾਫੀ ਕੁਝ ਨਵਾਂ ਸਿੱਖਿਆ ਸੀ।

ਸਰਦਾਰ ਰਘੁਵੰਤ ਸਿੰਘ ਜੀ ਔਲਾਦ ਦੀ ਇੱਛਾ ਨਾਲ ਆਪਣੇ ਪਿੰਡ ਸਿਰਾਂਵਾਲੀਏ (ਲਾਹੌਰ) ਤੋਂ ਕਿਸੇ ਪੀਰ ਕੋਲ ਜਾ ਰਹੇ ਸਨ। ਪੁੱਤਰ ਦੀ ਲੋੜ ਵਿਚ ਮੁਸਲਮਾਨ ਹੋਣ ਲਈ ਤਿਆਰ ਹੋ ਕੇ ਤੁਰੇ ਸਨ। ਰਾਹ ਵਿਚ ਇਕ ਚੌਂਕ ਵਿਚ ਕਾਰ ਖਰਾਬ ਹੋ ਗਈ। ਉਥੇ ਇਕ ਅਣਪਛਾਤਾ ਸਾਧ ਮਿਲਿਆ ਤੇ ਉਸਨੇ ਅੰਦਰ ਦੀ ਬੁੱਝ ਕੇ ਗੁਰਮਤਿ ਸੋਝੀ ਦੇ ਕੇ ਕਿਲੇ ਸੂਬਾ ਸਿੰਘ ਵੱਲ ਤੋਰ ਦਿੱਤਾ। ਕਿਲੇ ਆ ਕੇ ਸਰਦਾਰ ਜੀ ਨੂੰ ਪੁਤਰ ਤਾਂ ਮਿਲ ਹੀ ਗਿਆ ਪਰ ਉਹਨਾਂ ਨੂੰ ਆਪਣਾ ਜੀਵਨ ਸਮਰਪਨ ਕਰਨ ਲਈ ਸ਼ਰਣ ਸਥਲੀ ਵੀ ਮਿਲ ਗਈ। ਸਰਦਾਰ ਜੀ ਨੇ ਸੰਤ ਜੀ ਮਹਾਰਾਜ ਨੂੰ ਕਾਰ ਭੇਂਟ ਕੀਤੀ ਤਾਂ ਸੰਤ ਜੀ ਮਹਾਰਾਜ ਨੇ ਸ਼ਰਤ ਰੱਖੀ ਕਿ ਉਹ ਉਸ ਕਾਰ ਵਿਚ ਤਦੋਂ ਹੀ ਬੈਠਣਗੇ ਜਦੋਂ ਸਰਦਾਰ ਜੀ ਆਪ ਡਰਾਈਵ ਕਰਨਗੇ। ਸਰਦਾਰ ਜੀ ਨੇ ਇਹ ਸੇਵਾ ਬਾਖੂਬੀ ਨਿਭਾਈ ਤੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਵਿਚ ਤਬਲੇ ਦੀ ਸੰਗਤ ਵੀ ਕਰਦੇ ਰਹੇ। ਅਨੇਕ ਸਾਜਾਂ ਦੇ ਵਾਦਨ ਤੇ ਗਾਇਨ ਦੇ ਮਾਹਿਰ ਸਰਦਾਰ ਜੀ ਦਾ ਤਬਲੇ ਨਾਲ ਜ਼ਿਆਦਾ ਲਗਾਵ ਸੀ।

ਸੰਤ ਜੀ ਮਹਾਰਾਜ ਕੋਲ ਨੁਸ਼ਹਿਰੇ ਵਿਚ ਤਕਰਬੀਨ ਸਾਰੇ ਪ੍ਰਸਿੱਧ ਰਾਗੀ ਸ਼ਬਦ ਗਾਇਨ ਕਰਨ ਆਉਂਦੇ ਰਹੇ ਸਨ। ਐਸੇ ਰਾਗੀ ਆਪਣੀ ਕਲਾ ਦਾ ਪ੍ਰਦਰਸ਼ਨ ਕਰਨ ਨਹੀਂ ਸਗੋਂ ਗੁਰਮਤਿ ਕੀਰਤਨ ਰੀਤ ਦੀ ਨਵੀਂ ਮਰਯਾਦਾ ਸਿੱਖਣ ਆਉਂਦੇ ਸਨ। ਸੰਤ ਜੀ ਮਹਾਰਾਜ ਮਾਸਾਂਹਾਰੀ ਰਾਗੀਆ ਦਾ ਕੀਰਤਨ ਸੁਣਨ ਤੋਂ ਇਨਕਾਰ ਕਰ ਦੇਂਦੇ ਸਨ। ਇਕ ਪ੍ਰਸਿੱਧ ਰਾਗੀ ਦੀ ਸ਼ੁਹਰਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਪੁਰਬ ਸਮੇਂ ਜ਼ਿਆਦਾ ਹੀ ਵਧ ਗਈ ਸੀ। ਉਹ ਰਾਗੀ ਸਾਹਬਿ ਨੁਸ਼ਹਿਰੇ ਆਏ ਤੇ ਸਾਜ ਖੋਲ੍ਹ ਕੇ ਕੀਰਤਨ ਦੀ ਆਗਿਆ ਮੰਗੀ। ਸੰਤ ਜੀ ਮਹਾਰਾਜ ਨੇ ਸੌ ਰੁਪਏ ਦਾ ਨੋਟ ਵਾਜੇ ਤੇ ਰੱਖ ਕੇ ਕਿਹਾ ਕਿ

ਇਹ ਸਾਜ਼ਾਂ ਦੀ ਭੇਟ ਹੈ। ਅਸੀਂ ਮਾਸਾਂਹਾਰੀ ਤੋਂ ਕੀਰਤਨ ਨਹੀਂ ਸੁਣ ਸਕਦੇ ਤੇ ਉਠ ਕੇ ਚਲੇ ਗਏ। ਆਪ ਦਾ ਬਚਨ ਹੈ ਕਿ ਸ਼ਬਦ ਦੀ ਭੇਟਾ ਵਾਜੇ ਤੇ ਨਾ ਧਰੋ ਸਗੋਂ ਨਿਮਰਤਾ ਨਾਲ ਹੇਠ ਧਰ ਕੇ ਮੱਥਾ ਟੇਕੋ। ਆਪ ਦਾ ਬਚਨ ਹੈ ਸ਼ਬਦ ਦੀ ਭੇਟਾ ਤਾਂ ਸਿਰ ਹੈ।

ਭਾਈ ਮਨਸ਼ਾ ਸਿੰਘ ਜੀ ਕਪੂਰਥਲਾ ਵਾਲੇ ਆਮ ਤੌਰ ਤੇ ਮੇਲਿਆਂ ਵਿਚ ਆ ਕੇ ਕੀਰਤਨ ਕਰਦੇ ਦੇਖੇ ਹਨ। ਇਕ ਵਾਰੀ ਆਪ ਸੰਤ ਜੀ ਮਹਾਰਾਜ ਦੇ ਨਾਲ ਮੰਡੀ ਆਏ। ਦੇਰ ਰਾਤੀ ਕੀਰਤਨ ਵਿਚ ਸੰਤ ਜੀ ਮਹਾਰਾਜ ਨੇ ਕਿਹਾ ਰਾਗ ਮਾਲਕੌਂਸ ਵਿਚ ਸ਼ਬਦ ਸੁਣਾਉ। ਭਾਈ ਮਨਸ਼ਾ ਸਿੰਘ ਜੀ ਨੇ ਮਾਲਕੌਂਸ ਵਿਚ ਸ਼ਬਦ ਗਾਇਨ ਕੀਤਾ। ਸੰਤ ਜੀ ਮਹਾਰਾਜ ਨੇ ਕਿਹਾ ਇਹ ਸ਼ੁੱਧ ਮਾਲਕੌਸ ਨਹੀਂ।ਆਪਨੇ ਖੁਦ ਬੈਠੇ ਗਲੇ ਨਾਲ ਮਾਲਕੌਂਸ ਗਾਇਨ ਕਰਕੇ ਦੱਸਿਆ। ਸਿਰਾਂ ਵਾਲੇ ਸਰਦਾਰ ਰਘੁਵੰਤ ਸਿੰਘ ਜੀ ਨੇ ਅਰਜ ਕੀਤੀ ਕਿ ਭਾਈ ਮਨਸ਼ਾ ਸਿੰਘ ਨੇ ਬੜੇ ਗੁਲਾਮ ਅਲੀ ਸਾਹਿਬ ਦੀ ਬੰਦਸ਼ ਦਾ ਮਾਲਕੌਂਸ ਗਾਇਆ ਹੈ। ਸੰਤ ਜੀ ਮਹਾਰਾਜ ਨੇ ਕਈ ਸੁਯੋਗ ਪ੍ਰੇਮੀਆ ਦੀ ਉਂਗਲਾਂ ਵਾਜੇ ਤੇ ਰੱਖ ਕੇ ਸਮਰਥ ਰਾਗੀ ਬਣਾ ਦਿੱਤਾ। ਨੁਸ਼ਹਿਰੇ ਮੰਗਤਿਆਂ ਵਿਚ ਇਕ ਸੁਰੀਲਾ ਮੰਗਤਾ ਵੀ ਬੈਠਾ ਕੁਝ ਗਾ ਰਿਹਾ ਸੀ। ਜਦੋਂ ਆਪ ਮੰਗਤਿਆਂ ਨੂੰ ਬਸਤਰ ਕੰਬਲ ਆਦਿਕ ਦੇ ਰਹੇ ਸਨ ਤੇ ਉਸ ਸੂਰਮੇ ਗਾਇਕ ਕੋਲ ਰੁਕ ਗਏ।ਉਸ ਨੂੰ ਗੁਰ ਮਰਯਾਦਾ ਦਾ ਸਵੀਕਾਰ ਕਰਨ ਲਈ ਕਿਹਾ ਤੇ ਕਿਹਾ ਕਿ ਇਕ ਸੇਵਾਦਾਰ ਦਿੱਤਾ ਜਾਵੇਗਾ ਤੇ ਕੀਰਤਨ ਵੀ ਸਿਖਾਇਆ ਜਾਵੇਗਾ। ਇਸ ਸੂਰਮੇ ਸਿੰਘ ਭਾਈ ਸੁਰਜੀਤ ਸਿੰਘ ਨੇ ਨਿਰਾਲਾ ਜੀ ਉਪਨਾਮ ਜਿੱਥੇ ਵੀ ਕੀਰਤਨ ਕੀਤਾ ਜੱਸ ਖੱਟਿਆ ਹੈ। ਪਿਛਲੇ 15 ਸਾਲ ਤੋਂ ਚੰਡੀਗੜ੍ਹ ਨੀਲਧਾਰੀ ਗੁਰਦੁਆਰੇ ਵਿਚ ਕੀਰਤਨ ਸੇਵਾ ਕਰ ਰਹੇ ਹਨ। ਅੱਜਕੱਲ ਸੈਕਟਰ 68 ਮੋਹਾਲੀ ਵਿਚ ਟਿਕੇ ਹੋਏ ਹਨ।

162 ਏ, ਮੇਨ ਮਾਰਕੀਟ, ਮੱਧਿਆ ਮਾਰਗ
ਚੰਡੀਗੜ੍ਹ 160019


ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ ॥

In Bhaadon, the young woman is confused by doubt; later, she regrets and repents.

ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ ॥

The lakes and fields are overflowing with water; the rainy season has come - the time to celebrate!

ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ ॥

In the dark of night it rains; how can the young bride find peace? The frogs and peacocks send out their noisy calls.

ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ ॥

"Pri-o! Pri-o! Beloved! Beloved!" cries the rainbird, while the snakes slither around, biting.

ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ ॥

The mosquitoes bite and sting, and the ponds are filled to overflowing; without the Lord, how can she find peace?

ਨਾਨਕ ਪੂਛਿ ਚਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ ॥੧੦॥

naanuk poosh chulo gur apunae jeh prubh theh hee jaaeeai
O Nanak, I will go and ask my Guru; wherever God is, there I will go. ||10||

ਅੰਗ ੧੧੦੮

***With best compliments from a wellwisher***

# ਸੰਗੀਤ ਦਾ ਪ੍ਰਭਾਵ

## ਰਵਿੰਦਰ ਕੌਰ

ਸੰਗੀਤ ਦਾ ਸ਼ਬਦਾਰਥ-

ਸਮੁ ਅਤੇ ਗੀਤ ਦੋਨਾਂ ਸ਼ਬਦਾਂ ਦੇ ਮੇਲ ਤੋਂ ਸੰਗੀਤ ਸ਼ਬਦ ਬਣਿਆ ਹੈ। ਮੌਖਿਕ ਗਾਉਣਾ ਵੀ ਸੰਗੀਤ ਹੈ। ਸਮੁ ਦਾ ਅਰਥ ਹੈ ਚੰਗਾ। ਵਾਦਯ ਅਤੇ ਨਰਿਤ ਦੋਨਾਂ ਦੇ ਮਿਲਣ ਤੋਂ ਵੀ ਗੀਤ ਚੰਗਾ ਬਣ ਜਾਂਦਾ ਹੈ।

ਸੰਗੀਤ ਇਕ ਵਿਆਪਕ ਸ਼ਬਦ ਹੈ। ਗੀਤ, ਵਾਦਯ, ਅਤੇ ਨ੍ਰਿਤ ਮਿਲ ਕੇ ਸੰਗੀਤ ਕਹਾਉਂਦੇ ਹਨ। ਜਿਸ ਵਿਚ ਸੰਗੀਤ ਦੀ ਪ੍ਰਧਾਨਤਾ ਹੈ, ਵਾਦਯ ਉਸਦਾ ਅਨੁਸਰਣ ਕਰਦਾ ਹੈ ਅਤੇ ਨ੍ਰਿਤ ਉਪਰੰਜਕ ਹੈ ਅਰਥਕਾਤ ਵਾਦਯ ਗੀਤ ਦਾ ਅਨੁਸਰਣ ਕਰਦਾ ਹੈ ਅਤੇ ਨਰਿਤ ਵਾਦਯ ਦਾ। ਜੇ ਇਹਨਾਂ ਵਿਚੋਂ ਗੀਤ ਨੂੰ ਕੱਢ ਦਿੱਤਾ ਜਾਵੇ ਅਤੇ ਵਾਦਯ ਅਤੇ ਨ੍ਰਿਤ ਮਾਤਰ ਅਵਸ਼ਿਸ਼ਟ ਰਹਿ ਜਾਣ, ਤਾਂ ਇਹਨਾਂ ਦੋਨਾਂ ਦੀ ਸੰਗਿਆ ਸਜੀਵ ਨਾ ਰਹਿ ਕੇ ਨਿਰਜੀਵ ਰਹਿ ਜਾਵੇਗੀ।

**Definations :**

ਸੰਗੀਤ ਆਨੰਦ ਦਾ ਅਵਿਰਭਾਵ ਹੈ।ਆਨੰਦ ਈਸ਼ਵਰ ਦਾ ਸਵਰੂਪ ਹੈ। ਸੰਗੀਤ ਦੁਆਰਾ ਹੀ, ਦੁੱਖ-ਕਲੇਸ਼ ਨਾਲ ਸੰਬੰਧ ਰੱਖਣ ਵਾਲੇ ਨੂੰ ਵੀ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਸੰਗੀਤ ਈਸ਼ਵਰ ਸਵਰੂਪ ਹੋਣ ਦੇ ਕਾਰਨ ਜੋ ਲੋਕ ਸੰਗੀਤ ਦਾ ਅਭਿਆਸ ਕਰਦੇ ਹਨ, ਉਹ ਤਪ, ਦਾਨ, ਯਗ, ਕਰਮ, ਯੋਗ ਆਦਿ ਦੇ ਕਸ਼ਟ ਨਾ ਝੱਲਦੇ ਹੋਏ ਮੁਕਤੀ ਦੇ ਰਾਹ ਤੱਕ ਪਹੁੰਚਦੇ ਹਨ। ਅਜਿਹੀ ਵਿੱਦਿਆ ਅਤੇ ਕਲਾ ਦੀ ਜਿੰਨੀ ਵੀ ਪ੍ਰਸ਼ੰਸਾ ਕੀਤੀ ਜਾਵੇ, ਉਨੀ ਹੀ ਘੱਟ ਹੈ। ਭਗਵਾਨ ਕ੍ਰਿਸ਼ਨ ਨੇ ਆਪ ਸੰਗੀਤਚਾਰਯ ਨਾਰਦਮੁਨੀ ਨੂੰ ਕਿਹਾ ਹੈ:

ਮੈਂ ਉਥੇ ਰਹਿੰਦਾ ਹਾਂ ਜਿੱਥੇ ਮੇਰਾ ਭਗਤ ਰਹਿੰਦਾ ਹੈ।

ਸਾਧਾਰਣ ਤੌਰ ਤੇ ਸਵਰਾਂ ਦੀ ਉਹ ਰਚਨਾ ਜੋ ਚਿਤ ਦਾ ਰੰਜਨ ਕਰੇ ਅਤੇ ਆਨੰਦ ਦੇਵੇ, ਜੋ ਮਧੁਰ ਅਤੇ ਸੁਰੀਲੀ ਹੋਵੇ, ਉਸਨੂੰ ਸੰਗੀਤ ਕਹਿੰਦੇ ਹਨ।

ਰਵਿੰਦਰ ਨਾਥ ਠਾਕੁਰ ਆਪਣੀ ਪੁਸਤਕ ਸਾਧਨਾ ਵਿਚ ਲਿਖਦੇ ਹਨ - ਸੰਗੀਤ ਸਾਰੀਆਂ ਕਲਾਵਾਂ ਤੋਂ ਉਤਮ ਕਲਾ ਹੈ, ਕਿਉਂਕਿ ਗਾਇਕ ਨੂੰ ਜਿਨਾਂ ਚੀਜ਼ਾਂ ਦੀ ਜ਼ਰੂਰਤ ਹੁੰਦੀ ਹੈ ਉਹ ਸਾਰੀਆਂ ਉਸਦੇ ਅੰਦਰ ਮੌਜੂਦ ਹਨ। ਉਸਦਾ ਵੀਚਾਰ ਅਤੇ ਅਭੀਵਿਅਕਤੀ ਪਰਸਪਰ ਭਾਈ-ਭੈਣ ਹਨ। ਇਹ ਕਿਸੇ ਨਾ ਕਿਸੇ ਰੂਪ ਵਿਚ ਪੈਦਾ ਹੁੰਦੇ ਹਨ। ਸੰਗੀਤ ਵਿਚ ਹਿਰਦਾ ਤੁਰੰਤ ਹੀ ਆਪਣੇ ਆਪ ਨੂੰ ਵਿਅਕਤ ਕਰਦਾ ਹੈ। ਉਸਨੂੰ ਕਦੇ ਵੀ ਪਦਾਰਥ ਦੀ ਮੁਸ਼ਕਲ ਨਹੀਂ ਸਤਾਉਂਦੀ।

ਇਹ ਵਿਸ਼ਵ ਸੰਗੀਤ ਇਕ ਪਲ ਦੇ ਲਈ ਵੀ ਗਾਇਕ ਤੋਂ ਅਲੱਗ ਨਹੀਂ ਹੁੰਦਾ। ਇਹ ਉਸਦਾ ਅਨੰਦ ਹੈ ਜੋ ਅਨੰਤ ਰੂਪ ਧਾਰਨ ਕਰਦਾ ਹੈ। ਪਲੈਟੋ ਦੇ ਅਨੁਸਾਰ "Music is the art which penetrates to the soul and inspires in it the love of virtue."

ਮਹਾਂਕਵੀ ਸ਼ੈਕਸਪਿਅਰ ਨੇ ਕਿਹਾ ਹੈ:

ਜਿਹੜਾ ਮਨੁੱਖ ਸੰਗੀਤ ਦਾ ਦ੍ਰਵਿਤ ਨਹੀਂ ਹੁੰਦਾ, ਉਹ ਕਪਟੀ ਹੈ।

ਭਾਰਤ ਦੇ ਪ੍ਰਸਿੱਧ ਰਾਸ਼ਟਰਪਤੀ ਰਜਿੰਦਰ ਪ੍ਰਸ਼ਾਦ ਨੇ ਸੰਗੀਤ ਦੀ ਪ੍ਰਸ਼ੰਸਾ ਕੀਤੀ। ਉਹਨਾਂ ਦਾ ਕਥਨ ਹੈ ਕਿ ਸੰਗੀਤ ਸਾਡੇ ਜੀਵਨ ਵਿਚ ਇਕ ਮਹੱਤਵਪੂਰਨ ਵਸਤੂ

ਹੈ "Music occupies an important place in our lives. From this we have learnt to appreciate music and to count among the foremost achievement of man."

ਕੁਮਾਰੀ ਹੀਲਸ ਯੋਗ ਦਾ ਦਾ ਕਥਨ ਹੈ-ਸੰਗੀਤ ਸਾਨੂੰ ਜੀਵਨ ਦਿੰਦਾ ਹੈ, ਲੈਂਦਾ ਨਹੀਂ। ਸੰਗੀਤ ਵਿਨਾਸ਼ ਦਾ ਸਾਧਨ ਨਹੀਂ ਹੋ ਸਕਦਾ। ਇਹ ਮੁਰਦਿਆਂ ਵਿਚ ਜੀਵਨ ਪਾ ਸਕਦਾ ਹੈ ਪ੍ਰੰਤੂ ਜੀਵਨ ਵਿਚ ਮੌਤ ਨਹੀਂ ਵਰਤਾ ਸਕਦਾ।

ਸ਼ੇਖ ਸ਼ਾਦੀ ਦਾ ਕਹਿਣਾ ਹੈ ਕਿ - ਸੰਗੀਤ ਦੇ ਪਿੱਛੇ ਪਿੱਛੇ ਖੁਦਾ ਚਲਦਾ ਹੈ। ਜਿਸ ਦਿਲ ਨੂੰ ਸੰਗੀਤ, ਤਰੰਗ ਨਾਲ ਨਹੀਂ ਭਰ ਦਿੰਦਾ ਤਾਂ ਸਮਝੋ ਕਿ ਉਸਦੇ ਦਿਲ ਤੋਂ ਸ਼ੈਤਾਨ ਵੀ ਡਰਦਾ ਹੈ।

According to Gowry Kurrupuswamy M. Music is fairest and most glorious gift of God. Hariharan. "Music is an art with endless satisfactions and innumerable psychological and culture affiliations."

According to Romal as Romahland, "Music is an implacable mirror of the soul."

ਸੰਗੀਤ ਦੁਆਰਾ ਮਨੁੱਖ ਦੇ ਸੁਭਾਅ ਵਿਚ ਮਮਤਾ ਆਉਂਦੀ ਹੈ।

ਫਰੈਂਡਰਿਕ ਨੇ ਜੀਵਨ ਦੀ ਸਾਰਥਿਕਤਾ ਸੰਗੀਤ ਦੇ ਕਾਰਨ ਹੀ ਮੰਨੀ ਹੈ।

ਲੂਥਰ ਦਾ ਕਹਿਣਾ ਹੈ ਕਿ ਸੰਗੀਤ ਮਨੁੱਖ ਨੂੰ ਦਿਆਲੂ ਅਤੇ ਬੁੱਧੀਮਾਨ ਬਣਾਉਂਦਾ ਹੈ। ਸੰਗੀਤ ਪਰਮਾਤਮਾ ਦੀ ਦਿੱਤੀ ਹੋਈ ਕਲਾ ਹੈ, ਜੋ ਮਨੁੱਖ ਦੇ ਦੁੱਖਾਂ ਨੂੰ ਦੂਰ ਕਰਕੇ ਸ਼ਕਤੀ ਪਹੁੰਚਾਉਂਦਾ ਹੈ।

ਵਾਸਤਵ ਵਿਚ ਸੰਗੀਤ ਇਕ ਉਚਕੋਟੀ ਦੀ ਕਲਾ ਹੈ, ਜਿਸਦਾ ਮਾਨਵ ਜੀਵਨ ਵਿਚ ਬਹੁਤ ਵੱਡਾ ਹੱਥ ਹੈ। ਸੰਗੀਤ ਦੁਆਰਾ ਮਨੁੱਖ ਦਾ ਮਾਨਸਿਕ ਵਿਕਾਸ ਹੁੰਦਾ ਹੈ।

ਸੰਗੀਤ ਇਕ ਅਜਿਹੀ ਕਲਾ ਹੈ ਜਿਸਨੂੰ ਸੁਣ ਕੇ ਦਿਲ ਦੇ ਤਾਰ ਆਪ ਵੱਲ ਉਠਦੇ ਹਨ। ਜੋ ਲੋਕ, ਸੰਗੀਤ ਨੂੰ ਕੋਈ ਮਹੱਤਤਾ ਨਹੀਂ ਦਿੰਦੇ, ਉਹ ਲੋਕ ਸਵਾਰਥੀ ਹੁੰਦੇ ਹਨ। ਸੰਗੀਤ ਨੂੰ ਉਹੀ ਵਿਅਕਤੀ ਜਾਣ ਸਕਦਾ ਹੈ ਜਿਸ ਕੋਲ ਕੋਮਲ ਦਿਲ ਹੋਵੇ। ਸੰਗੀਤ ਦੁਆਰਾ ਆਪਣੇ ਮਨੋਭਾਵਾਂ ਨੂੰ ਉਚਿਤ ਤਰੀਕੇ ਨਾਲ ਪੇਸ਼ ਕਰਦਾ ਹੈ। ਸੰਗੀਤ ਇਕ ਅੰਮ੍ਰਿਤਧਾਰਾ ਹੈ ਅਤੇ ਸ਼ਕਤੀ ਦਾ ਸਾਧਨ ਹੈ।

ਸੰਗੀਤ ਸਿਰਫ ਆਨੰਦ ਪ੍ਰਾਪਤੀ ਦਾ ਹੀ ਸਾਧਨ ਨਹੀਂ ਸਗੋਂ ਮਾਨਵ ਦੀਆਂ ਆਰਥਿਕ ਜ਼ਰੂਰਤਾਂ ਨੂੰ ਵੀ ਪੂਰਾ ਕਰਦਾ ਹੈ। ਦੁਨੀਆਂ ਵਿਚ ਲੱਖਾਂ ਲੋਕ ਸੰਗੀਤ ਤੇ ਹੀ ਆਸ਼ਰਿਤ ਹਨ। ਸੰਗੀਤ ਹਰ ਪਾਸੇ ਤੋਂ ਮਨੁੱਖ ਦੇ ਲਈ ਲਾਭਦਾਇਕ ਅਤੇ ਸੁਖਮਈ ਹੈ। ਇਸਦੀ ਜਿੰਨੀ ਵੀ ਪ੍ਰਸ਼ੰਸਾ ਕੀਤੀ ਜਾਵੇ, ਘੱਟ ਹੈ।

## NATURE AND SCOPE OF MUSIC

i) Its effect on Heart : ਮਧੁਰ ਸੰਗੀਤ ਦਾ ਸਾਡੇ ਦਿਲ ਅਤੇ ਇੰਦਰੀਆਂ ਤੇ ਪ੍ਰਭਾਵ ਪੈਂਦਾ ਹੈ। ਕਿਤੋਂ ਕੋਈ ਆਵਾਜ਼ ਆਵੇ, ਜੋ ਸਾਡੇ ਦਿਲ ਨੂੰ ਚੰਗੀ ਲੱਗੇ, ਉਸ ਵੱਲ ਅਸੀਂ ਖਿੱਚੇ ਜਾਂਦੇ ਹਾਂ। ਜੇ ਸੰਗੀਤ ਮਧੁਰ ਅਤੇ ਸੁਰੀਲਾ ਹੋਵੇ ਤਾਂ ਸਰੋਤੇ ਉਸ ਵਿਚ ਮਗਨ ਹੋ ਜਾਂਦੇ ਹਨ। ਇਸੇ ਤਰ੍ਹਾਂ ਸੰਗੀਤ ਸੁਣ ਕੇ ਲੀਨ ਹੋਣ ਦੀ ਸਥਿਤੀ ਵਿਚ ਵਿਅਕਤੀ ਪ੍ਰਮਾਤਮਾ ਨਾਲ ਮਿਲ ਜਾਂਦਾ ਹੈ, ਇਸ ਤੋਂ ਵੱਡੀ ਸ਼ਕਤੀ ਹੋਰ ਕੀ ਹੋ ਸਕਦੀ ਹੈ।

ਹਿੰਦੀ ਦੇ ਮਹਾਨ ਲੇਖਕ ਮੁਨਸ਼ੀ ਪ੍ਰੇਮ ਚੰਦ ਨੇ ਸੰਗੀਤ ਦੀ ਮਹੱਤਤਾ ਦਾ ਜ਼ਿਕਰ ਬਹੁਤ ਚੰਗੇ ਢੰਗ ਨਾਲ ਕੀਤਾ ਹੈ ਕਿ ਜਦੋਂ ਮਨੁੱਖ ਦੇ ਮਨ ਦੀ ਹਾਲਤ ਬੜੀ ਅਸਹਿ ਅਤੇ ਬੇਚੈਨ ਹੋ ਜਾਂਦੀ ਹੈ, ਉਸਨੂੰ ਕਿਤੋਂ ਵੀ ਚੈਨ ਨਹੀਂ ਮਿਲਦਾ, ਤਦ ਉਹ ਸੰਗੀਤ ਦੇ ਚਰਨਾਂ ਵਿਚ ਜਾ ਡਿਗਦਾ ਹੈ

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

ਗੁਰਸਿੱਖ ਸੰਜੋਗ ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

ਅਤੇ ਉਸਦੇ ਮਨ ਨੂੰ ਸ਼ਾਂਤੀ ਪ੍ਰਾਪਤ ਹੁੰਦੀ ਹੈ।

ਸੰਗੀਤ ਦਾ ਮਨੁੱਖ ਦੇ ਕਿਸੇ ਖਾਸ ਪਹਿਲੂ ਨਾਲ ਸੰਬੰਧ ਨਹੀਂ ਹੈ, ਬਲਕਿ ਬਰਾਬਰ ਰੂਪ ਨਾਲ ਸਾਰਿਆਂ ਨਾਲ ਹੈ। ਸੰਗੀਤ ਦਾ ਮਨੁੱਖ ਨਾਲ ਆਦਿ ਕਾਲ ਤੋਂ ਹੀ ਸੰਬੰਧ ਹੈ। ਸੰਗੀਤ ਤੋਂ ਬਿਨਾਂ ਜ਼ਿੰਦਗੀ ਅਧੂਰੀ ਹੈ।

i) Individual Effect : The thrust of the mind for knowledge & discovery...takes the direction of individual interest and preference ...and represent a sure instinct towards the fulfilment of a purpose that in essence is the maintenance and development of the individuality" (My Earhart Will)

ਸੰਗੀਤ ਦਾ ਪ੍ਰਭਾਵ ਅਤੇ ਸਥਾਨ ਮਾਨਵ ਜੀਵਨ ਅਤੇ ਉਸਦੇ ਵਿਅਕਤੀਤਵ ਜੀਵਨ ਵਿਚ ਵੀ ਉਨਾ ਹੀ ਹੈ ਜਿੰਨਾ ਕਿ ਮਾਨਵ ਦੇ ਸਮਾਜਿਕ ਜੀਵਨ ਵਿਚ। ਸੰਗੀਤ ਦਾ ਪ੍ਰਭਾਵ ਜਨਮ ਤੋਂ ਹੀ ਦਿਖਾਈ ਦਿੰਦਾ ਹੈ। ਜਦੋਂ ਬੱਚਾ ਪੈਦਾ ਹੁੰਦਾ ਹੈ ਤਾਂ ਉਹ ਆਪਣਾ ਸੰਗੀਤ ਪ੍ਰਤੀ ਪ੍ਰੇਮ ਰੋ ਕੇ ਦਿਖਾਉਂਦਾ ਹੈ। ਇਸ ਤੋਂ ਘਰ ਵਿਚ ਸ਼ੁਭ ਗਾਇਨ ਸ਼ੁਰੂ ਹੁੰਦਾ ਹੈ। ਮੌਤ ਸਮੇਂ ਦੁਖੀ ਸੰਗੀਤ, ਕਰੁਣਰਸ ਪ੍ਰਧਾਨ ਸੰਗੀਤ ਗਾਇਆ ਜਾਂਦਾ ਹੈ। ਸੰਗੀਤ ਦੀਆਂ ਸਵਰ ਲਹਿਰਾਂ ਵਿਚ ਗੁੰਮ ਹੋ ਕੇ ਮਨੁੱਖ ਆਪਣੇ ਦੁਖੀ ਮਨ ਨੂੰ ਸੰਤੋਸ਼ ਪ੍ਰਦਾਨ ਕਰਦਾ ਹੈ। ਉਸ ਸਮੇਂ ਉਸਨੂੰ ਆਪਣਾ ਗਮ ਭੁਲਾਉਣ ਦੇ ਲਈ ਬੁਰੇ ਸਾਧਨਾਂ ਦੀ ਜ਼ਰੂਰਤ ਨਹੀਂ ਸਗੋਂ ਸੰਗੀਤ ਦੁੱਖ ਵਿਚ ਵੀ ਸਾਥ ਦਿੰਦਾ ਹੈ।

**II) Its effect on Nature** :

ਸਮੁੰਦਰ ਵਿਚ ਜਦੋਂ ਮਲਾਹ ਆਪਣੀ ਕਿਸ਼ਤੀ ਚਲਾਉਂਦੇ ਪ੍ਰਕਿਰਤੀ ਦੀ ਸੁੰਦਰਤਾ ਵਿਚ ਝੂਮ ਕੇ ਗਾਉਂਦੇ ਹਨ ਤਾਂ ਸੁਤੀ ਹੋਈ ਪ੍ਰਕਿਤਰੀ ਵੀ ਉਸ ਨਾਲ ਝੂਮ ਉਠਦੀ ਹੈ। ਕਿਸਾਨ ਆਪਣੀ ਲਹਿਰਾਉਂਦੀ ਫਸਲ ਨੂੰ ਦੇਖ ਕੇ ਨੱਚ ਉਠਦਾ ਹੈ ਅਤੇ ਸੰਗੀਤ ਦੇ ਮਾਧਿਅਮ ਨਾਲ ਆਪਣੇ ਮਨੋਭਾਵਾਂ ਨੂੰ ਵਿਅਕਤ ਕਰਦਾ ਹੈ ਤਾਂ ਉਸਨੂੰ ਪ੍ਰਕਿਰਤੀ ਵਿਚ ਵੀ ਸੰਗੀਤ ਉਤਪੰਨ ਹੁੰਦਾ ਦਿਖਾਈ ਦਿੰਦਾ ਹੈ।

**III) Unity in Human Beings:**

ਸਦੀਆਂ ਤੋਂ ਇਹ ਮੰਨਿਆ ਜਾ ਰਿਹਾ ਕਿ ਸੰਗੀਤ ਮਨੁੱਖ ਵਿਚ ਏਕਤਾ ਪੈਦਾ ਕਰਦਾ ਹੈ। ਚੀਨੀ ਵਿਦਵਾਨਾਂ ਦਾ ਮੱਤ ਹੈ ਕਿ ਆਦਮੀਆਂ ਨੂੰ ਬਰਾਬਰ ਕਰਨ ਵਾਲਾ ਸੰਗੀਤ ਹੀ ਹੈ। ਸੰਗੀਤ ਦਾ ਖੇਤਰ ਅਸੀਮਤ ਹੈ।ਭਾਸ਼ਾ, ਰੰਗ, ਜਾਤੀ ਆਦਿ ਵੈਰ-ਵਿਰੋਧ ਦੇ ਭਾਵ ਤੋਂ ਇਸ ਵਿਚ ਕੋਈ ਰੁਕਾਵਟ ਨਹੀਂ ਆ ਸਕਦੀ। ਸੰਗੀਤ ਦੁਆਰਾ ਭਿੰਨ-ਭਿੰਨ ਦੇਸ਼ਾਂ ਦੇ ਕਲਾਕਾਰਾਂ ਨੂੰ ਇਕ-ਦੂਜੇ ਦੇ ਨੇੜੇ ਲਿਆਂਦਾ ਜਾਦਾ ਹੈ। ਇਸ ਤਰ੍ਹਾਂ ਰਾਸ਼ਟਰ ਅਤੇ ਮਨੁੱਖ ਵਿਚ ਏਕਤਾ ਲਿਆਉਣ ਵਿਚ ਸੰਗੀਤ ਦਾ ਮਹਾਨ ਹੱਥ ਹੈ।

IV) Scope of Music

ਸੰਗੀਤ ਦਾ ਪ੍ਰਭਾਵ ਮਾਨਵ ਜੀਵਨ ਤੇ ਹੀ ਨਹੀਂ, ਬਲਕਿ ਪੌਦਿਆਂ, ਪਸ਼ੂਆਂ ਅਤੇ ਪ੍ਰਾਕਿਰਤੀ ਤੇ ਵੀ ਪੈਦਾ ਹੈ। ਸੰਗੀਤ ਦੇ ਪ੍ਰਭਾਵ ਨੂੰ ਦੇਖ ਕੇ ਕਿਹਾ ਗਿਆ ਹੈ: "Music makes people milder and gentle moral and responsible. Music is the art of prophets, the only art which can calm the agitation of the soul."

## 2. ਸੰਗੀਤ ਦਾ ਮਾਨਵ ਚਰਿੱਤਰ ਤੇ ਪ੍ਰਭਾਵ :

ਮਾਨਵ ਜੀਵਨ ਸੰਗੀਤ ਨਾਲ ਓਤ-ਪ੍ਰੋਤ ਹੈ। ਮਨੁੱਖ ਗਿਆਨਸ਼ੀਲ ਜੰਤੂ ਹੈ। ਇਸ ਲਈ ਉਸਨੂੰ ਸੰਗੀਤ ਨਾਲ ਸਦਾ ਅਨੁਪ੍ਰਮਾਣਿਤ ਹੁੰਦਾ ਹੈ। ਮਾਨਵ ਜੀਵਨ ਵਿਚ ਅਨੇਕ ਪ੍ਰਕਾਰ ਦੇ ਉਥਾਨ, ਪਤਨ, ਹਰਸ਼, ਵਿਸ਼ਾਦ ਅਤੇ ਈਰਖਾ ਆਦਿ ਭਾਵਾਂ ਦਾ ਕੇਂਦਰ ਹੁੰਦਾ ਹੈ। ਜਿੱਥੇ ਇਕ ਪਾਸੇ ਜੀਵਨ ਦੀਆਂ ਕਠਿਨ ਸਮੱਸਿਆਵਾਂ ਮਨੁੱਖ ਦੀਆਂ ਸਾਰੀਆਂ ਚਿੰਤਾਵਾਂ ਦਾ ਨਿਰਾਕਰਣ (ਖਾਤਮਾ) ਕਰਦਾ ਰਹਿੰਦਾ ਹੈ। ਇਸ ਲਈ ਮਾਨਵ ਜੀਵਨ ਵਿਚ ਸੰਗੀਤ ਵਿਚ ਉਪਯੋਗੀ ਤੱਤ ਹੈ। ਸੰਗੀਤ ਕਲਾ ਮਾਨਵ ਨੂੰ ਦਾਨਵ ਬਣਾਉਣ ਤੋਂ ਰੋਕਦੀ ਹੈ। ਮਨੁੱਖ ਦੀਆਂ ਅੰਦਰੂਨੀ ਪ੍ਰਵਿਰਤੀਆਂ ਨੂੰ ਦੂਰ ਕਰਨ ਵਿਚ ਸੰਗੀਤ ਕਲਾ ਅਤਿਅੰਤ ਸਹਾਈ ਸਿੱਧ ਹੁੰਦੀ ਹੈ। ਸੰਗੀਤ ਮਾਨਵ ਹਿਰਦੇ ਅਤੇ ਬੁੱਧੀ ਨੂੰ ਸੰਤੁਲਿਤ ਰੱਖਣ ਵਿਚ ਵਿਸ਼ੇਸ਼ ਯੋਗਦਾਨ ਦਿੰਦਾ ਹੈ।

ਸੰਗੀਤ ਤੋਂ ਬਿਨਾਂ ਮਨੁੱਖ ਪਸ਼ੂ ਸਮਾਨ ਹੈ। ਸੰਗੀਤ ਦੁਆਰਾ ਬੁਰੇ ਮਨੁੱਖਾਂ ਨੂੰ ਚੰਗਾ ਬਣਾਇਆ ਜਾ ਸਕਦਾ ਹੈ। ਸੰਗੀਤ ਸਾਡੀਆਂ ਕ੍ਰਿਆਵਾਂ ਅਤੇ

ਪ੍ਰਕਿਰਿਆਵਾਂ ਨੂੰ ਅਨੁਸ਼ਾਸਨ ਵਿਚ ਰਹਿਣਾ ਸਿਖਾਉਂਦਾ ਹੈ। ਕਿਉਂਕਿ ਸੰਗੀਤ ਦੇ ਨਿਯਮ ਅਜਿਹੇ ਹਨ ਕਿ ਜੇ ਉਹਨਾਂ ਨੂੰ ਨਾ ਮੰਨੀਏ ਤਾਂ ਸੰਗੀਤ ਆ ਹੀ ਨਹੀਂ ਸਕਦਾ।

ਸੰਗੀਤ ਸਾਡੇ ਮਨੋਭਾਵਾਂ ਨੂੰ ਉਨਤੀ ਵੱਲ ਪ੍ਰੇਰਿਤ ਕਰਦਾ ਹੈ। ਸੰਗੀਤ ਦਾ ਸਾਡੇ ਸਰੀਰਕ ਅਤੇ ਮਾਨਸਿਕ ਅੰਗਾਂ ਅਤੇ ਇੰਦਰੀਆਂ ਨਾਲ ਗਹਿਰਾ ਸੰਬੰਧ ਹੈ। ਜੀਵਨ ਵਿਚ ਜਿਹੜੀਆਂ ਚੰਗਿਆਈਆਂ ਅਸੀਂ ਬਿਨਾਂ ਧਿਆਨ ਦਿੱਤੇ ਛੱਡ ਦਿੰਦੇ ਹਾਂ, ਉਹ ਸਾਨੂੰ ਸੰਗੀਤ ਦੇ ਮਾਧਿਅਮ ਨਾਲ ਆਉਂਦੀਆਂ ਹਨ। ਸਾਧਾਰਨ ਤੌਰ ਤੇ ਦੈਨਿਕ ਜੀਵਨ ਵਿਚ ਅਜਿਹੀ ਕੋਈ ਨਾ ਕੋਈ ਗੱਲ ਹੋ ਜਾਂਦੀ ਹੈ ਜੋ ਮਨ ਵਿਚ ਘੁਟਦੀ ਰਹਿੰਦੀ ਹੈ ਅਤੇ ਅਸੀਂ ਕਿਸੇ ਨੂੰ ਦੱਸ ਕੇ ਮਨ ਹਲਕਾ ਨਹੀਂ ਕਰ ਸਕਦੇ। ਅਜਿਹੇ ਸਮੇਂ ਸੰਗੀਤ ਸਾਡੀ ਮਦਦ ਕਰਦਾ ਹੈ। ਮਨ ਦੀ ਇਹ ਘੁਟਨ ਜੇ ਵਧਦੀ ਜਾਵੇ ਤਾਂ ਮਨੁੱਖ ਪਾਗਲ ਹੋ ਜਾਵੇ। ਪ੍ਰੰਤੂ ਮਨ ਦੀ ਇਸ ਘੁਟਨ ਨੂੰ ਸੰਗੀਤ ਦੁਆਰਾ ਬਾਹਰ ਆਉਣ ਦਾ ਸਭ ਤੋਂ ਆਸਾਨ ਰਸਤਾ ਪ੍ਰਾਪਤ ਹੈ। ਸੰਗੀਤ ਦੁਆਰਾ ਸਾਡੇ ਮਨ ਦੇ ਭਾਵਾਂ ਨੂੰ ਬਾਹਰ ਆਉਣ ਦਾ ਇਕ ਸਾਧਨ ਮਿਲ ਜਾਂਦਾ ਹੈ। ਸੰਗੀਤ ਮਨੁੱਖ ਦੇ ਚਰਿੱਤਰ ਨੂੰ ਜ਼ਿਆਦਾ ਸਥਿਰ ਅਤੇ ਸੰਤੁਲਿਤ ਬਣਾਉਂਦਾ ਹੈ ਅਤੇ ਹਿਰਦੇ ਵਿਚੋਂ ਸੱਚ ਭਾਵ ਨਿਕਲਦੇ ਹਨ।

## 3. ਸੰਗੀਤ ਦਾ ਸਵਾਸਥ ਦੇ ਪ੍ਰਭਾਵ:

ਸੰਗੀਤ ਦਾ ਮਨੁੱਖ ਦੇ ਸਰੀਰਕ ਅਤੇ ਮਾਨਸਿਕ ਅੰਗਾਂ ਦੇ ਬਹੁਤ ਗਹਿਰਾ ਪ੍ਰਭਾਵ ਪੈਂਦਾ ਹੈ। ਸਵਰਾਂ ਵਿਚ ਕੁਝ ਅਜਿਹੀ ਵਿਗਿਆਨਕ ਸ਼ਕਤੀ ਹੈ ਜੋ ਮਨੁੱਖ ਦੇ ਅੰਦਰ ਤੱਕ ਛੂਹ ਲੈਂਦੀ ਹੈ। ਸਵਾਸਥ ਦੀ ਦ੍ਰਿਸ਼ਟੀ ਤੋਂ ਸੰਗੀਤ ਦਾ ਬਹੁਤ ਮਹੱਤਵ ਹੈ। ਨਰਿਤ ਕਰਨ ਨਾਲ ਸਾਡੇ ਅੰਗਾਂ ਦੇ ਸੰਚਾਲਨ ਨਾਲ ਪੂਰੇ ਸਰੀਰ ਦੀ ਕਸਰਤ ਹੋ ਜਾਂਦੀ ਹੈ। ਕੰਠ ਸੰਗੀਤ ਦਾ ਅਭਿਆਸ ਕਰਨ ਨਾਲ ਫੇਫੜੇ ਅਤੇ ਕੰਠ ਨਾਲੀਆਂ ਠੀਕ ਰਹਿੰਦੇ ਹਨ। ਜਿੰਨਾਂ ਨਿਯਮਤ ਸਾਹ ਹੋਵੇਗਾ ਉਹਨਾਂ ਦੀ ਨਿਯਮਤ ਸਵਰ ਵਿਚ ਕੰਪਨ ਹੋਵੇਗਾ ਅਤੇ ਉਨੀ ਹੀ ਆਵਾਜ਼ ਸੁਧਰੀ ਹੋਈ ਹੋਵੇਗੀ। ਸੰਗੀਤ ਅਤੇ ਕਸਰਤ ਦੋਨੋਂ ਹੀ ਮਨੁੱਖ ਜੀਵਨ ਲਈ ਜ਼ਰੂਰੀ ਵਸਤੂਆਂ ਹਨ।

## 4. ਸੰਗੀਤ ਦਾ ਪਸ਼ੂਆਂ ਤੇ ਪ੍ਰਭਾਵ :

ਸੰਗੀਤ ਦਾ ਪ੍ਰਭਾਵ ਗਾਂ, ਘੋੜੇ, ਸ਼ੇਰ, ਲੂੰਬੜੀ, ਚੂਹੇ, ਸੱਪ, ਹਿਰਨ ਆਦਿ ਪਸ਼ੂਆਂ ਤੇ ਵਿਸ਼ੇਸ਼ ਰੂਪ ਨਾਲ ਦੇਖਿਆ ਗਿਆ ਹੈ। ਵਿਦੇਸ਼ਾਂ ਵਿਚ ਸੰਗੀਤ ਦਾ ਪ੍ਰਭਾਵ ਪਸ਼ੂਆਂ ਤੇ ਪਾ ਕੇ ਪਰਿਵਰਤਨ ਦੇਖਿਆ ਗਿਆ ਹੈ। ਸਵੀਡਨ ਦੇ ਕੁਝ ਡੇਅਰੀ ਫਾਰਮਾਂ ਵਿਖ ਦੇਖਿਆ ਗਿਆ ਹੈ ਕਿ ਜੇ ਦੁੱਧ ਚੋਣ ਸਮੇਂ ਸੰਗੀਤ ਵੱਜਦਾ ਰਹੇ ਤਾਂ ਗਾਵਾਂ ਜ਼ਿਆਦਾ ਦੁੱਧ ਦਿੰਦੀਆਂ ਹਨ। ਲੰਦਨ ਵਿਚ ਵੀ ਗਾਵਾਂ ਦੇ ਦੁੱਧ ਦੇਣ ਦੇ ਸਮੇਂ ਸੰਗੀਤ ਦਾ ਪ੍ਰਯੋਗ ਕਰਨ ਨਾਂਲ ਅਧਿਅਕ ਦੁੱਧ ਦੀ ਮਾਤਰਾ ਪ੍ਰਾਪਤ ਹੋਈ ਹੈ।

ਸੰਗੀਤ ਸਮਰਾਟ ਤਾਨਸੈਨ ਦਾ ਆਪਣੇ ਗਾਇਨ ਦੁਆਰਾ ਪਸ਼ੂਆਂ ਨੂੰ ਮੋਹਿਤ ਕਰਨਾ ਪ੍ਰਸਿੱਧ ਹੈ। ਬੈਜੂ ਬਾਜਵਾ ਦਾ ਸੰਗੀਤ ਦੁਆਰਾ ਹਿਰਨਾਂ ਨੂੰ ਬੁਲਾ ਲੈਣਾ, ਭਾਰਤ ਵਿਚ ਕੌਣ ਨਹੀਂ ਜਾਣਦਾ। ਸੱਪ ਨੂੰ ਸਪੇਰੇ ਦੀ ਬੀਨ ਤੇ ਨਚਦਾ ਕਿਸ ਨੇ ਨਹੀਂ ਦੇਖਿਆ। ਚੂਹਿਆਂ ਵਿਚ ਅਕਸਰ ਦੇਖਿਆ ਗਿਆ ਹੈ ਕਿ ਉਹਨਾਂ ਨੂੰ ਕੋਈ ਨਾ ਛੇੜੇ ਜਾਂ ਗੌਰ ਨਾਲ ਨਾ ਦੇਖੇ ਤਾਂ ਉਹ ਸੰਗੀਤ ਨੂੰ ਬਹੁਤ ਧਿਆਨ ਪੂਰਵਕ ਸੁਣਦੇ ਰਹਿਣਗੇ। ਵਿਗੜੇ ਹੋਏ ਘੋੜੇ ਤੇ ਵੀ ਸੰਗੀਤ ਦੁਆਰਾ ਪ੍ਰਭਾਵ ਪਾ ਕੇ ਉਸ ਨੂੰ ਵਸ ਵਿਚ ਕਰਦੇ ਦੇਖਿਆ ਗਿਆ ਹੈ।

## 5. ਸੰਗੀਤ ਦਾ ਪੰਛੀਆਂ ਤੇ ਪ੍ਰਭਾਵ :

ਪੰਛੀਆਂ ਵਿਚ ਵੀ ਸੰਗੀਤ ਦਾ ਪ੍ਰੇਮ ਝਲਕਦਾ ਦਿਖਾਈ ਦਿੰਦਾ ਹੈ। ਪੰਛੀਆਂ ਦੀ ਚਹਿਚਹਾਟ ਵਿਚ ਵੀ ਇਕ ਪ੍ਰਕਾਰ ਦਾ ਮਿੱਠਾ-ਮਿੱਠਾ ਸੰਗੀਤ ਸੁਣਾਈ ਦਿੰਦਾ ਹੈ। ਅਰਬ ਦੇ ਪ੍ਰਸਿੱਧ ਇਤਿਹਾਸਕਾਰ ਔਲਾਸੀ ਨਿਜ਼ਮ ਨੇ ਆਪਣੀ ਪੁਸਤਕ ਵਿਸ਼ਵ ਦਾ ਸੰਗੀਤ ਵਿਚ ਲਿਖਿਆ ਹੈ ਕਿ

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

ਮਾਨਵ ਨੇ ਸੰਗੀਤ ਨੂੰ ਸਭ ਤੋਂ ਪਹਿਲਾਂ ਬੁਲਬੁਲ ਤੋਂ ਪਾਇਆ। ਜਦੋਂ ਉਹ ਪਹਿਲੀ ਵਾਰ ਸਰਿਸ਼ਟੀ ਵਿਚ ਆਇਆ ਤਾਂ ਉਹ ਇਕ ਦਰਖਤ ਹੇਠ ਆਰਾਮ ਕਰ ਰਿਹਾ ਸੀ, ਤਦ ਉਸਨੇ ਇਕ ਚਿੜੀ ਤੋਂ ਮਿੱਠੇ ਸਵਰ ਸੁਣੇ ਅਤੇ ਉਸਨੂੰ ਆਨੰਦ ਆ ਆਭਾਸ ਹੋਇਆ। ਇਹ ਚਿੜੀ ਬਹੁਤ ਸੁਹਣਾ ਗਾਉਂਦੀ ਸੀ ਅਤੇ ਬਾਅਦ ਵਿਚ ਇਸ ਚਿੜੀ ਦਾ ਨਾਲ ਬੁਲਬੁਲ ਪੈ ਗਿਆ।

ਸੰਗੀਤ ਪ੍ਰਸਿੱਧ ਵਿਦਵਾਨ ਦਮੋਦਰ ਪੰਡਿਤ ਨੇ ਵੀ ਇਹ ਸਵੀਕਾਰ ਕੀਤਾ ਹੈ ਕਿ ਸੰਗੀਤ ਦੀ ਉਤਪਤੀ ਪੰਛੀਆਂ ਤੋਂ ਹੋਈ। ਉਹਨਾਂ ਨੇ ਸੱਤ ਸਵਰਾਂ ਦਾ ਸੰਬੰਧ ਇਸ ਪ੍ਰਕਾਰ ਨਾਲ ਭਿੰਨ-ਭਿੰਨੜ ਪੰਛੀਆਂ ਤੋਂ ਦੱਸਿਆ : ਮੋਰ-ਸ਼ਡਜ, ਚਾਤ੍ਰਿਕ-ਰਿਸ਼ਭ, ਬਕਰੇ ਤੋਂ ਗੰਧਾਰ, ਕਾਂ ਤੋਂ ਮਾਧਿਅਮ, ਕੋਇਅ ਤੋਂ ਪੰਚਮ, ਮੇਂਡਕ ਤੋਂ ਧੈਵਤ ਅਤੇ ਹਾਥੀ ਤੋਂ ਨਿਸ਼ਾਦ ਇਹ ਸਵਰ ਮੰਨੇ।

## 6. ਸੰਗੀਤ ਦਾ ਪੌਦਿਆਂ ਤੇ ਪ੍ਰਭਾਵ :

ਸੰਗੀਤ ਦੀਆਂ ਧੁਨਾਂ ਪੌਦਿਆਂ ਦੇ ਸੈੱਲਾਂ ਤੇ ਪ੍ਰਭਾਵ ਪਾਉਂਦੀਆਂ ਹਨ ਅਤੇ ਇਸ ਪ੍ਰਭਾਵ ਦੇ ਫਲਸਰੂਪ ਪੌਦਿਆਂ ਦੇ ਨਾੜੀ ਤੰਤਰ ਵਿਚ ਹਲਚਲ ਪੈਦਾ ਹੁੰਦੀ ਹੈ। ਇਹ ਹਲਚਲ ਨਿਊਕਲੀਯਸ ਵਿਚ ਸੰਚਾਲਨ ਉਤਪੰਨ ਕਰਕੇ ਵਿਕਾਸ ਤੇ ਪ੍ਰਭਾਵ ਪਾਉਂਦੀ ਹੈ। ਵਿਗਿਆਨੀਆਂ ਨੇ ਇਹ ਪ੍ਰਮਾਣਿਤ ਕੀਤਾ ਹੈ ਕਿ ਸੰਗੀਤ ਪੌਦਿਆਂ ਦੇ ਵਿਕਾਸ ਵਿਚ ਸਦਾ ਸਦਾਇਤਾ ਪਹੁੰਚਾਉਂਦਾ ਹੈ ਅਤੇ ਉਪਜ ਨੂੰ ਵੀ ਵਧਾਉਂਦਾ ਹੈ। ਸੰਗੀਤ ਵਿਚ ਸੂਖਮ ਨਾਦ ਦਾ ਪ੍ਰਭਾਵ ਜੜ ਪਦਾਰਥਾਂ ਤੇ ਪੈਂਦਾ ਹੈ।

ਮਦਰਾਸ ਵਿਚ ਪੰਦਰਾਂ ਦਿਨ ਤੱਕ ਪੌਦਿਆਂ ਵਿਚ ਪ੍ਰਤੀਦਿਨ ਇਕ ਬਿਜਲੀ ਘੰਟੀ ਵਜਾਈ। ਇਸ ਧੁਨੀ ਦਾ ਪ੍ਰਭਾਵ ਉਹਨਾਂ ਨੇ ਅਨੇਕ ਬੀਜਾਂ ਅਤੇ ਮਟਰ, ਸਰ੍ਹੋਂ, ਚਨੇ, ਕਣਕ ਅਤੇ ਹੋਰ ਅਨੇਕ ਪ੍ਰਕਾਰ ਦੇ ਬੀਜਾਂ ਤੇ ਦੇਖਿਆ। ਇਸ ਧੁਨੀ ਦਾ ਪ੍ਰਭਾਵ ਪੌਦਿਆਂ ਦੀ ਸਾਹ ਕਿਰਿਆ ਤੇ ਵੀ ਪੈਦਾ ਹੈ। ਸੰਗੀਤ ਨਾਲ ਪੌਦਿਆਂ ਦੇ ਢਾਂਚੇ ਵਿਚ ਕਾਫੀ ਫਰਕ ਪੈਂਦਾ ਹੈ। ਚੇਤਨ ਤਰ ਪੌਦਾ ਪ੍ਰਾਤਕਾਲ ਹੀ 25 ਮਿੰਟਾਂ ਤੱਕ ਪ੍ਰਤੀਦਿਨ ਵਾਇਲਨ ਦਾ ਸਵਰ ਪਸੰਦ ਕਰਦਾ ਹੈ। ਇਸ ਪ੍ਰਕਾਰ ਸੰਗੀਤ ਸੁਨਣ ਨਾਲ ਇਸ ਪੌਦੇ ਦੀ ਉਚਾਈ ਵਿਚ ਦੋ ਪ੍ਰਤੀਸ਼ਤ ਵਾਧਾ ਹੁੰਦਾ ਹੈ। ਸ਼ਾਖਾਵਾਂ ਪੰਜ ਪ੍ਰਤੀਸ਼ਤ ਲੰਬੀਆਂ ਹੋ ਜਾਂਦੀਆਂ ਹਨ। ਇਕ ਪੌਦੇ ਦੇ ਬੀਜ ਨੂੰ ਵਾਇਲਨ ਤੇ ਰਾਗ ਬਿਹਾਗ ਵਜਾ ਕੇ ਉਤੇਜਿਤ ਕੀਤਾ। ਇਸ ਤਰ੍ਹਾਂ ਨ੍ਰਿਤ ਦੁਆਰਾ ਉਤਪੰਨ ਧੁਨੀ ਦਾ ਪ੍ਰਭਾਵ ਵੀ ਵੇਖਿਆ ਗਿਆ ਹੈ। ਸੰਗੀਤ ਅਤੇ ਖਾਦ ਦੋਨਾਂ ਦੀ ਵਿਵਸਥਾ ਤਾਂ ਉਤਮ ਹੈ ਹੀ ਪ੍ਰੰਤੂ ਕਿਸਾਨਾਂ ਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਸੰਗੀਤ ਖਾਦ ਦੇ ਸਥਾਨ ਤੇ ਵੀ ਪ੍ਰਯੋਗ ਕੀਤਾ ਜਾਂਦਾ ਹੈ।

7. ਸੰਗੀਤ ਦਾ ਬੱਦਲਾਂ ਤੇ ਪ੍ਰਭਾਵ : ਆਮ ਇਹ ਕਿਹਾ ਜਾ ਸਕਦਾ ਹੈ ਕਿ ਮੌਸਮ ਬੜਾ ਸੰਗੀਤਮਈ ਹੈ। ਕਿਹਾ ਜਾਂਦਾ ਹੈ ਕਿ ਮੇਘ ਰਾਗ ਗਾਉਣ ਨਾਲ ਵਰਖਾ ਵੀ ਹੋ ਸਕਦੀ ਹੈ।

## NATURE OF MUSIC:

ਸੰਗੀਤ ਇਕ ਅਤਿ ਸੂਖਮ ਕਲਾ ਹੈ। ਅਜਿਹੀ ਕਲਾ ਜਿਸ ਵਿਚ ਰਸਾਂ ਦੀ ਉਤਪਤੀ ਹੁੰਦੀ ਹੈ, ਸੰਗੀਤ ਦਾ ਸੁਭਾਅ ਉਸਦੇ ਨੌਰਸਾਂ ਨਾਲ ਜਾਣਿਆਂ ਜਾਂਦਾ ਹੈ - ਸ਼ਾਂਤ, ਸ਼ਿੰਗਾਰ, ਕਰੁਣ, ਵੀਰ, ਅਦਭੁੱਤ, ਰੋਦਰ, ਵੀਭਤਸ ਅਤੇ ਭਿਆਨਕ ਆਦਿ। ਆਧੁਨਿਕ ਵਿਦਵਾਨਾਂ ਨੇ ਇਸ ਵਿਚ ਭਗਤੀ ਅਤੇ ਵਾਤਸਲ ਇਹ ਦੋ ਰਸ ਹੋਰ ਮਿਲਾ ਦਿੱਤੇ ਹਨ।

ਜਦੋਂ ਮਾਨਵ ਸੰਸਾਰਿਕ ਦੁੱਖਾਂ ਤੋਂ ਛੁਟਕਾਰਾ ਪਾਉਣ ਲਈ ਬੇਹਬਲ ਹੁੰਦਾ ਹੈ ਤਾਂ ਉਸ ਦੇ ਮਨ ਵਿਚ ਵੈਰਾਗ ਦੀ ਭਾਵਨਾ ਉਤਪੰਨ ਹੋ ਜਾਦੀ ਹੈ। ਇਸ ਭਾਵਨਾ ਨੂੰ ਪ੍ਰਗਟਾਉਣ ਲਈ ਭਾਰਤੀ ਸੰਗੀਤ ਵਿਚ ਅਨੇਕਾਂ ਰਾਗਾਂ ਨੂੰ ਸੰਬੰਧਤ ਕੀਤਾ ਜਾਂਦਾ ਹੈ। ਜਿਵੇਂ ਰਾਗ ਤਿਲੰਗ, ਮਾਰਵਾ, ਜੋਗ ਆਦਿ। ਸ਼ਿੰਗਾਰਕ ਭਾਵਨਾ ਨੂੰ ਪ੍ਰਗਟਾਉਣ ਲਈ ਰਾਗ ਬਸੰਤ ਬਹਾਰ ਸੂਹੀ ਆਦਿ ਰਾਗਾਂ ਦਾ ਸਹਾਰਾ ਲਿਆ ਜਾਂਦਾ ਹੈ। ਬਰਖਾ ਰੁੱਤ ਵਿਚ ਰਾਗ ਮੇਘ ਅਤੇ ਮਲਹਾਰ ਚੰਗੇ ਲਗਦੇ ਹਨ। ਸਰਦੀ ਵਿਚ ਰਾਗ ਤੁਖਾਰੀ ਦਾ ਗਾਇਨ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਹੀ ਜੀਵਨ ਦੇ ਵੱਖ ਵੱਖ ਪੜਾਵਾਂ ਲਈ ਵੱਖ ਵੱਖ ਰਾਗ ਸੁਸ਼ੋਭਿਤ ਹੁੰਦੇ ਹਨ ਜਿਵੇਂ ਮੌਤ ਸਮੇਂ ਮਾਰੂ, ਵਿਆਹ ਸਮੇਂ ਸੂਹੀ ਆਦਿ ਰਾਗਾਂ ਦਾ ਗਾਇਨ ਸੁਭਾਵਿਕ ਹੁੰਦਾ ਹੈ।

# ਗੁਰੂ ਨਾਨਕ ਦੇਵ ਜੀ ਦੀ ਕਾਵਿ-ਸੰਗੀਤ ਕਲਾ

## ਡਾ. ਹਰਬੰਸ ਸਿੰਘ

(ਮਈ ਅੰਕ ਤੋਂ ਅੱਗੇ) ਰਾਗ ਪ੍ਰਾਚੀਨ ਕਲਾ ਹੈ। ਪੌਰਾਣ ਅਨੁਸਾਰ ਇਸ ਦਾ ਆਰੰਭ ਬ੍ਰਹਮਾ ਦੇ ਪੁਤਰ ਜਾਂ ਰਿਸ਼ੀ ਨਾਰਦ ਤੋਂ ਹੋਇਆ ਮੰਨਿਆ ਜਾਂਦਾ ਹੈ। ਇਤਿਹਾਸਿਕ ਪੱਖੋਂ ਭਾਰਤ ਵਿਚ ਆਰੀਆ ਦੇ ਆਉਣ ਸਮੇਂ ਕੁਝ ਕਬੀਲੇ ਜਿਵੇਂ ਸ਼ੱਕ (Sakas) ਟੱਕ (Takkas), ਮਲਵ (Malavas), ਅਭੀਰ (Abhiras), ਗੁਜਰ (Gujaras), ਸਰਵੜੈ(Savaras)। ਭੈਰਵ (Bhiravas), ਦ੍ਰਾਵੜ (Dravidas), ਆਦਿ ਹੋਏ ਹਨ ਜਿਨ੍ਹਾਂ ਨਾਲ ਰਾਗਾਂ ਦਾ ਸੰਬੰਧ ਜੋੜਿਆ ਜਾਂਦਾ ਹੈ ਜਿਵੇਂ ਸ਼ੱਕ (Sakas) ਕਬੀਲੇ ਦਾ ਸਕ ਰਾਗ (Saka Raga) ਹੈ, ਟਕ (Takkas) ਕਬੀਲੇ ਦਾ ਟਕ (Takka) ਰਾਗ ਹੈ। ਮਲਵ (Mass) ਕਬੀਲੇ ਦਾ ਮਾਲਵਾ ਰਾਗ ਹੈ। ਮਾਲ ਕੌਸ ਰਾਗ ਵੀ ਮਾਲਵਾ ਤੋਂ ਬਣਿਆ ਹੈ। ਕੈਸਿਕ ( Kaisik) ਇਕ ਜਾਤੀ ਹੈ ਜੋ ਮਗਰੋਂ ਕੌਸ ਵਿਚ ਪਰਿਵਿਰਤ ਹੋ ਗਈ । ਏਸੇ ਪ੍ਰਕਾਰ ਗੁਜਰ (Gujaras) ਕਬੀਲੇ ਤੋਂ ਗੂਜਰੀ ਰਾਗ ਬਣਿਆ ਹੈ। ਏਸੇ ਪ੍ਰਕਾਰ ਕੁਝ ਰਾਗ ਰੁਤਾਂ ਨਾਲ ਵੀ ਸੰਬੰਧਿਤ ਹਨ ਜਿਵੇਂ ਬਸੰਤ ਰਾਗ, ਮੇਘ ਰਾਗ,ਮਲਾਰ ਰਾਗ ਅਤੇ ਕੁਝ ਕਾਲ-ਸੰਬੰਧਿਤ ਰਾਗ ਵੀ ਹਨ, ਜਿਵੇਂ ਪ੍ਰਭਾਤੀ ਰਾਗ ਆਦਿ। ਰਾਗਾਂ ਦੇ ਇਤਿਹਾਸ ਅਨੁਸਾਰ ਸਾਡੇ ਵਿਦਵਾਨਾਂ ਨੇ ਛੇ ਰਾਗ ਅਤੇ ਹਰ ਇਕ ਰਾਗ ਦੀਆਂ ਛੇ ਰਾਗਣੀਆਂ ਦਰਸਾਈਆਂ ਹਨ। ਕਿਹਾ ਜਾਂਦਾ ਹੈ ਕਿ ਇਨ੍ਹਾਂ ਵਿਚੋਂ ਪੰਜ ਰਾਗ 'ਸਿਵ' ਨੇ ਆਪਣੇ ਮੂੰਹ ਵਿਚੋਂ ਕਢੇ ਅਤੇ ਇਕ ਰਾਗ ਪਾਰਵਤੀ ਨੇ ਆਪਣੇ ਮੂੰਹ ਵਿਚੋਂ ਪੈਦਾ ਕੀਤਾ । ਇਹ ਰਾਗ ਹਨ : 1. ਭੈਰਵੀ (ਡਰ ਜਾਂ ਭੈ ਸੰਬੰਧੀ) 2. ਸਿਰੀ (ਕਿਸਮਤ ਜਾਂ ਸੌਂਦਰਯ ਸੰਬੰਧਿਤ), 3. ਮੇਘ (ਬਦਲ ਸੰਬੰਧੀ), 4. ਪੰਚਮ (ਪੰਜ), 5. ਵਸੰਤ (ਬਸੰਤ), 6. ਨਟਨਾਰਾਯਣ (ਵਿਸ਼ਨੂੰ ਦਾ ਨਾਚ( Encyclopaedia of Religion and Ethics, Volume IX, p. 44.) ਪਰ ਬਹੁਤੇ ਵਿਦਿਵਾਨ ਇਨ੍ਹਾਂ ਛੇ ਰਾਗਾਂ ਨੂੰ ਪਹਿਲਾਂ ਮੰਨਦੇ ਹਨ। 1. ਹਿੰਡੋਲ, 2. ਸਿਰੀ, 3. ਦੀਪਕ, 4. ਭੈਰਉ, 5. ਮੇਘ 6. ਮਾਲ ਕੌਸ਼। ਇਨ੍ਹਾਂ ਛੇ ਰਾਗਾਂ ਦਾ ਅੱਗੋਂ ਆਪਣਾ ਆਪਣਾ ਪਰਿਵਾਰ ਹੈ। ਹਰ ਰਾਗ ਦੀਆਂ ਕਈ ਰਾਗਣੀਆਂ, ਪੁਤਰ ਅਤੇ ਧੀਆਂ ਹਨ ਜਿਨ੍ਹਾਂ ਦਾ ਵਿਸਤਾਰ ਏਥੇ ਦੇਣਾ ਉਚਿਤ ਨਹੀਂ ਹੋਵਗੇ। ਇਹ ਰਾਗ ਅਗੋਂ ਕਈ ਮਤਾਂ ਵਿਚ ਵੰਡੇ ਗਏ ਹਨ ਜਿਵੇਂ ਸ਼ਿਵ, ਕਲੀ-ਨਾਥ, ਭਰਤ, ਹਨੂਮਾਨ, ਸਿਧ ਸਾਰਸ਼ਤ ਰਾਗਾਰਣਵ ਮਤ, ਆਦਿ। (ਵਿਸਤਾਰ ਸਹਿਤ ਵੇਖੋ ਡਾ. ਚਰਣ ਸਿੰਘ : ਸ੍ਰੀ ਚਰਣ ਹਰਿ ਵਿਸਥਾਰ, ਭਾਗ 2,


Communication Centre
Formal Restaurants
Exhibition Rooms
Accommodation
Informal Eating
Tours & Travels
Conferencing
Floral Shop

THE AROMA

Premium Event Centre
Millennium Centre
Deliberations
Abhinandan
Exporama
Mind Set
Art Craft

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

ਪੰ. 75● ਤੋਂ 759 ਤੱਕ) ਉਪਰੋਕਤ ਸਾਰੀ ਚਰਚਾ ਤੋਂ ਪਤਾ ਲਗਦਾ ਹੈ ਕਿ ਰਾਗ ਮੋਟੇ ਤੌਰ ਤੇ ਜਾਂ ਤਾਂ ਭਾਵ (mood) ਨਾਲ ਸੰਬੰਧਿਤ ਹਨ, ਜਾਂ ਦੇਸ ਨਾਲ ਜਾਂ ਕਾਲ ਨਾਲ ਅਤੇ ਅਗੋਂ ਇਨ੍ਹਾਂ ਰਾਗਾਂ ਅਨੁਸਾਰ ਫਿਰ ਕਈ ਸ਼ਾਖਾਂ ਵਿਕਾਸ ਕਰਕੇ ਹੋਂਦ ਵਿਚ ਆ ਗਈਆਂ ਹਨ। ਗੁਰੂ ਨਾਨਕ ਦੇਵ ਦੇ ਰਾਗ ਉਪਰੋਕਤ ਸਾਰਿਆਂ ਰਾਗਾਂ ਦੀ ਸੁਭਾਵ-ਪਰਿਨਾਲੀ ਨਾਲ ਮੇਲ ਖਾਂਦੇ ਹਨ ਅਤੇ ਜਿਸ ਪ੍ਰਕਾਰ ਅਸੀਂ ਪਿਛੇ ਵੀ ਲਿਖ ਆਏ ਹਾਂ ਕਿ ਉਹ ਰਾਗਾਂ ਦੀ ਪਰੰਪਰਿਕ ਨਿਸ਼ਚਿਤ ਕੱਟੜਤਾ ਨਾਲੋਂ ਭਾਵ-ਪ੍ਰਧਾਨਤਾ ਨੂੰ ਮੁੱਖ ਰੱਖਦੇ ਹਨ ਜਿਸ ਕਰਕੇ ਅਸੀਂ ਉਨ੍ਹਾਂ ਦੇ ਰਾਗਾਂ ਨੂੰ ਉਪਰੋਕਤ ਮੱਤਾਂ ਅਨੁਸਾਰ ਸ਼ਾਸਤਬੱਧ ਨਹੀਂ ਕਰ ਸਕਦੇ। ਇਹ ਰਾਗ ਭਾਵ-ਪ੍ਰਧਾਨ ਹੋਣ ਕਰਕੇ ਵਿਸ਼ੇਸ਼ ਸਮੇਂ ਨਾਲ ਵਿਸ਼ੇਸ਼ ਤੌਰ ਤੇ ਹੀ ਸੰਬੰਧਿਤ ਹਨ। ਜਿਸ ਤਰ੍ਹਾਂ ਵਿਅਕਤੀ ਦੀ ਅੰਮ੍ਰਿਤ ਵੇਲੇ, ਦੁਪਹਿਰੇ, ਸ਼ਾਮ ਜਾਂ ਰਾਤ ਨੂੰ ਭਾਵ-ਅਵਸਥਾ ਵੱਖ ਵੱਖ ਹੁੰਦੀ ਹੈ, ਉਸ ਪ੍ਰਕਾਰ ਰਾਗ ਦਾ ਸੁਭਾਵ ਵੀ ਇਸ ਭਾਵ-ਅਵਸਥਾ ਅਨੁਸਾਰੀ ਕਰਕੇ ਰਾਗਾਂ ਨੂੰ ਕਾਲ-ਵੰਡਾਂ ਵਿਚ ਵੰਡਿਆ ਗਿਆ ਹੈ। ਰਾਗ ਭੈਰਉ, ਬਿਲਾਵਲ, ਆਸਾ ਰਾਮਕਲੀ, ਤੁਖਾਰੀ, ਪ੍ਰਭਾਤੀ ਸਵੇਰ ਦੇ ਰਾਗ ਹਨ। ਮਨੁੱਖ ਦੀ ਜੋ ਸਵੇਰ ਸਮੇਂ ਭਿੰਨ ਭਿੰਨ ਭਾਵ-ਅਵਸਥਾ ਹੁੰਦੀ ਹੈ, ਉਹ ਇਨ੍ਹਾਂ ਰਾਗਾਂ ਦੁਆਰਾ ਪ੍ਰਸਤੁਤ ਕੀਤੀ ਜਾਂਦੀ ਹੈ। ਸਿਰੀ ਰਾਗ ਦਿਨ ਦੇ ਚੌਥੇ ਪਹਿਰ ਨਾਲ ਸੰਬੰਧਿਤ ਹੋਥ ਕਰਕੇ ਮਨੁੱਖ ਦੀ ਉਸ ਸਮੇਂ ਦੀ ਭਾਵ-ਅਵਸਥਾ ਨੂੰ ਪ੍ਰਗਟਾਉਂਦਾ ਹੈ। ਰਾਗ ਸਾਰੰਗ ਦੁਪਹਿਰ ਦੇ ਸਮੇ. ਦਾ ਰਾਗ ਹੋਥ ਕਰਕੇ ਅਤੇ ਰਾਗ ਗਉੜੀ ਸ਼ਾਮ ਨਾਲ ਸੰਬੰਧਿਤ ਹੋਥ ਕਰਕੇ ਆਪੋ ਆਪਣੇ ਸਮੇਂ ਅਨੁਕੂਲ ਉਤੇ ਹੋ ਰਹੇ ਪ੍ਰਭਾਵਾਂ ਨੂੰ ਦਰਸਾਉਂਦੇ ਹਨ। ਇਸ ਪ੍ਰਕਾਰ ਰਾਗ ਦਿਨ ਅਤੇ ਰਾਤ ਦੇ ਚੌਵੀਂ ਘੰਟਿਆਂ ਦੇ ਚਕਰ ਨਾਲ ਸੰਬੰਧਿਤ ਹਨ ਅਤੇ ਇਉਂ ਚੌਵੀ ਘੰਟਿਆਂ ਵਿਚ ਜੋ ਮਨੁੱਖ ਦੇ ਹਾਵ-ਭਾਵ ਬਦਲਦੇ ਰਹਿੰਦੇ ਹਨ, ਉਹ ਸਮੇਂ ਸਮੇਂ ਦੇ ਰਾਗ ਅਨੁਕੂਲ ਪ੍ਰਗਟਾਏ ਜਾਂਦੇ ਹਨ। ਇਸ ਤਰ੍ਹਾਂ ਰਾਗ ਮਨੁੱਖ ਦੇ ਸਮੂਹ ਆਪੇ ਨਾਲ ਸੰਬੰਧਿਤ ਹੋ ਜਾਂਦੇ ਹਨ ਜਿਨ੍ਹਾਂ ਦੁਆਰਾ ਮਨੁੱਖ ਦੀ ਮਾਨਸਿਕ ਪਰਿਸਥਿਤੀ ਦਾ ਸਾਮੂਹਿਕ ਪੱਖ ਉਜਾਗਰ ਕੀਤਾ ਜਾਂਦਾ ਹੈ। ਰਾਗਾਂ ਦੁਆਰਾ ਇਉਂ ਮਨੁੱਖ ਦਾ ਸਾਮੂਹਿਕ ਆਪਾ ਪ੍ਰਗਟਾਉਣਾ ਇਕ ਪ੍ਰਕਾਰ ਮਨੁੱਖ ਦੇ ਆਪੇ ਦਾ ਸਾਮੂਹਿਕ ਅਧਿਐਨ ਕਰਨਾ ਹੀ ਹੈ ਜੋ ਗਿਸਟਾਲਟ ਸਿੱਧਾਂਤ' ਦੇ ਨੇੜੇ ਹੈ।

ਏਸੇ ਪ੍ਰਕਾਰ ਕੁਝ ਰਾਗ ਰੁੱਤਾਂ ਨਾਲ ਸੰਬੰਧਿਤ ਵੀ ਗਾਏ ਹਨ ਜਿਵੇਂ ਬਸੰਤ-, ਰਾਮਕਲੀ ਬਿਲਾਵਲ ਆਦਿ ਗਰਮੀ ਵਿਚ, ਮਾਰੂ, ਤੁਖਾਰੀ, ਆਸਾ, ਭੈਰੋ, ਵਡਹੰਸ, ਧਨਾਸਰੀ ਸੋਰਠਿ ਸਰਦੀ ਵਿਚ। ਸਿਰੀ ਰਾਗ ਤੇਜ ਗਰਮੀ ਅਤੇ ਸਖਤ ਸਰਦੀ ਵਿਚ, ਅਤੇ ਸੂਹੀ, ਗਉੜੀ, ਗੂਜਰੀ ਸਾਰੀਆਂ ਰੁੱਤਾਂ ਵਿਚ ਹੀ ਗਾਏ ਜਾ ਸਕਣ ਵਾਲੇ ਰਾਗ ਹਨ ਰਾਗਾਂ ਸੰਬੰਧੀ ਉਪਰੋਕਤ ਸੰਖਿਪਤ ਜੇਹੀ ਵੰਡ ਤੋਂ ਸਾਡਾ ਅਨੁਮਾਨ ਸ਼ਾਇਦ ਠੀਕ ਹੀ ਹੋਵੇਗਾ ਕਿ ਰਾਗਾਂ ਦੀ ਵੰਡ ਰੁੱਤ ਅਤੇ ਸਮੇਂ ਅਨੁਸਾਰ ਭਾਵ-ਆਧਾਰਿਤ ਹੀ ਕੀਤੀ ਗਈ ਹੈ। ਵਿਅਕਤੀ ਕਿਸ ਕਿਸ ਵਿਧੀ ਨਾਲ ਤੀਖਣ ਕੀਤਾ ਜਾ ਸਕਦਾ ਹੈ, ਰਾਗਾਂ ਦੀ ਉਪਰੋਕਤ ਵੰਡ ਦਾ ਇਹੋ ਹੀ ਆਧਾਰ ਹੈ। ਗੁਰੂ ਨਾਨਕ ਦੇਵ ਨੇ ਆਪਣੇ ਰਾਗਾਂ ਵਿਚ ਆਪਣੇ ਭਾਵ ਨੂੰ ਤੀਖਣ ਕਰਨ ਲਈ ਦੇਸ, ਰੁੱਤ ਅਤੇ ਕਾਲ ਨੂੰ ਕਿਵੇਂ ਸਹਿਯੋਗੀ ਬਣਾਇਆ ਹੈ, ਏਥੇ ਅਸੀਂ ਅਕਿੰਤ ਕਰਨਾ ਆਵਸ਼ਕ ਸਮਝਦੇ ਹਾਂ।

ਪਹਿਲਾਂ ਅਸੀਂ ਗੁਰੂ ਨਾਨਕ ਦੇਵ ਦੇ ਰੁੱਤਾਂ-ਸੰਬੰਧਿਤ ਰਾਗਾਂ ਸੰਬੰਧੀ ਵਿਵੇਚਨ ਕਰਾਂਗੇ।

(ੳ) **ਰੁੱਤਾਂ-ਸੰਬੰਧਿਤ ਰਾਗ :**

(ਰਾਗ ਬਸੰਤ, (ਬਸੰਤ ਹੰਡੋਲ), ਤਿਲੰਗ, ਸਾਰੰਗ, ਮਲਾਰ, ਵਡਹੰਸ, ਸੋਰਠਿ)।

ਰਾਗ ਰੁੱਤ ਦੀ ਨਿਰਾਕਾਰ ਮੂਰਤ ਹੈ, ਰੁੱਤ ਸਾਕਾਰ ਮੂਰਤ ਹੈ। ਰਾਗ ਅੰਤ੍ਰੀਵ ਉਮਾਹ ਹੈ, ਰੁੱਤ ਬਾਹਰਗਤ ਰੂਪ ਹੈ। ਰਾਗ ਕਾਲਗਤ ਕਲਾ ਹੈ। ਰੁੱਤ ਦੇਸ-ਗਤ ਰੂਪ ਹੈ। ਕਲਾਕਾਰ ਨੇ ਇੱਕ ਤਾਂ ਰੁੱਤ ਦੇ ਸਾਕਾਰ ਰੂਪ ਨੂੰ ਰਾਗ ਦੇ ਨਿਰਾਕਾਰ ਰੂਪ ਵਿਚ ਪਾਉਣਾ ਹੁੰਦਾ ਹੈ ਅਤੇ ਦੂਜੇ ਰੁੱਤ ਦੇ ਪ੍ਰਤੀਕਰਮ ਤੋਂ ਉਪਜੇ ਭਾਵ ਨੂੰ ਉਲੀਕਣਾ ਹੁੰਦਾ ਹੈ। ਕਿਸੇ ਰੁੱਤ ਸੰਬੰਧਿਤ ਭਾਵ ਦਾ ਪ੍ਰਗਟਾ ਤਦ ਹੀ ਹੋ ਸਕਦਾ ਹੈ ਜੇਕਰ ਭਾਵ ਵਿਚੋਂ ਹੀ ਉਸ ਰੁੱਤ ਦੀ ਮੂਰਤ ਦਾ ਬਿੰਬ ਉਜਾਗਰ ਹੋ ਹੋ ਉਠੇ, ਜਿਸ ਨੂੰ ਅਸੀਂ ਰੂਪ ਆਖਦੇ ਹਾਂ। ਕਲਾ ਭਾਵੇਂ ਕਿੰਨੀ ਵੀ 'ਨਿਰਾਕਾਰ' (abstract) ਕਿਉਂ ਨਾ ਹੋਵੇ, 'ਰੂਪ' (form) ਤੋਂ ਵਿਰਵੀ ਨਹੀਂ ਹੋ ਸਕਦੀ। ਕਲਾਕਾਰ ਦੀ ਕਲਾਤਮਿਕ ਕੌਸ਼ਲਤਾ ਇਸੇ ਵਿਚ ਹੈ ਕਿ ਉਹ ਕਲਾ ਵਿਚ ਕਿਸ ਪ੍ਰਕਾਰ ਦੇ 'ਰੂਪ' ਨੂੰ ਸਿਰਜਦਾ ਹੈ।

ਰੌਜਰ ਫਰਾਈ ਇਸ ਨੂੰ 'ਵਿਸ਼ਿਸ਼ਟ-ਰੂਪ' (Roger Fry, Vision and Design (Art),

(1914)p.8 ਕਹਿੰਦਾ ਹੈ। ਪ੍ਰੋ. ਐਲ.ਏ.ਰੀਡ 'ਸੌਂਦਰਯ ਰੂਪ ਜਾਂ 'ਅਭਿਵਿਅੰਜਿਤ ਰੂਪ'("... The aesthetic form... is expressive form." L.A. Reid, 'A Study In Aesthetic' (1931), The Macmillan Co.,p.43.. ਹਰਬਰਟ ਰੀਡ 'ਰੂਪ' ਕਗ(Herbert Read, form in Poetry'. p.9) ਅਰਨੈਸਟ ਕਜਾਰੀ'ਹੋਰਵਾਂ ਰੂਪ' (Ernest Cassirer, 'An Essay on Man', p.52. ਐਸ.ਕੇ.ਲੰਗਰ 'ਆਦ੍ਰਿਸ਼ਟ ਰੂਪ' Susan K.Langer, 'Feeling And Form',p.50)ਅ ਆਦਿ ਕਥਦੇ ਹਨ। ਸੰਗੀਤ ਵੀ ਇਸ ਅੰਤ੍ਰੀਵ ਰੂਪ ਤੋਂ. ਵਿਹੀਣਾ ਨਹੀ. ਹੈ। ਅਸੀਂ ਇਸੇ ਦੇ ਰੂਪ ਨੂੰ 'ਸ਼ੁਧ ਰੂਪ', (ਚਗਕ ਰਿਗਠ) ਕਹਿ ਸਕਦੇ ਹਾਂ। ਅਸੀਂ 'ਸ਼ੁੱਧ ਰੂਪ' ਇਸ ਨੂੰ ਇਸ ਕਰਕੇ ਵੀ ਕਹਿ ਸਕਦੇ ਹਾਂ ਕਿਉਂ ਜੋ ਬੋਲਣ ਵਾਲੀ ਭਾਸ਼ਾ ਨਾਲੋਂ ਮਨੁੱਖੀ ਭਾਵਾਂ ਦੇ ਰੂਪਾਂ ਦਾ ਸੰਬੰਧ ਸੰਗੀਤਿਕ 'ਰੂਪਾਂ' ਨਾਲ ਅਧਿਕ ਹੁੰਦਾ ਹੈ, (The forms' of human feelings are much akin to musical forms of the spoken Language', O Gosvami, 'The story of Indian Music', Asia Publishing House, Bombay, 1961, p.228. ਜਿਸ ਨੂੰ ਰਾਗ ਵਿਚ ਨਿਰਾਕਾਰ ਰੂਪ ਜਾਂ ਸ਼ੁੱਧ ਰੂਪ' ਕਿਹਾ ਹੈ। ਭਾਰਤੀ ਵਿਦਵਾਨਾਂ ਨੇ ਤਾਂ ਸੰਗੀਤ ਦੇ ਨਿਰਾਕਾਰ ਰੂਪ ਜਾਂ 'ਸ਼ੁੱਧ ਰੂਪ' ਨੂੰ ਵੀ ਚਿੱਤ੍ਰ-ਕਲਾ ਵਿਚ ਰੂਪਮਾਨ ਕਰ ਦਿੱਤਾ ਹੈ। ਮੋਤੀ ਚੰਦ੍ਰ ਦੀ ਸੰਗ੍ਰਹਿਤ 'ਮੇਵਾੜ ਚਿੱਤ੍ਰ-ਕਲਾ' ਪੁਸਤਕ ਵਿਚ 'ਰਾਗਣੀ ਵਸੰਤ' ਦਾ ਇੱਕ ਤਾਂ ਰਾਗ -ਚਿੱਤ੍ਰ ਦਿੱਤਾ ਹੈ ਅਤੇ ਦੂਜੇ ਲੇਖਕ ਨੇ ਇਸ ਸੰਬੰਧੀ ਵਿਸ਼ਲੇਸ਼ਣ ਕਰਦੇ ਹੋਏ ਲਿਖਿਆ ਹੈ ਕਿ ਭਾਰਤੀ ਸੰਗੀਤ-ਸਾਹਿਤ ਉਚੇ ਮਿਆਰ ਦੀ ਮੂਰਤ-ਕਲਾ ਰੱਖਦਾ ਹੈ। (Moti Chandra 'Mewar Painting in the Seventeenth Century' Plate No. 5, (Ragini Vas Lalit Kala, Akadami, 1957.ਅਵ.),। ਰਾਗ ਬਸੰਤ ਵਾਂਗ ਬਾਕੀ ਰਾਗਾਂ ਮੇਘ, ਮਲਾਰ, ਹਿੰਡੋਲ ਦੇ ਰਾਗ-ਚਿੱਤ੍ਰਾਂ ਵਿਚ ਵਰਖਾ, ਬਦਲ, ਬਿਜਲੀ ਆਦਿ ਦਾ ਹੀ ਰੂਪ-ਚਿੱਤ੍ਰਨ ਹੋਵੇਗਾ। ਬੰਗਾਲ ਵਿਚ ਪੁਰਾਣਿਆਂ ਘਰਾਂ ਦੀਆਂ ਕੰਧਾਂ ਉਤੇ ਅਜੇ ਰਾਗਾਂ ਅਤੇ ਰਾਗਣੀਆਂ ਦੇ ਜੋ ਚਿੱਤ੍ਰ ਪ੍ਰਾਪਤ ਹਨ ਉਹ ਰਾਗ-ਰੂਪ ਸੰਬੰਧੀ 'Encyclopaedia of Religion and Ethics' ਵਿਚ 'ਭਾਰਤੀ-ਸੰਗੀਤ' ਦੇ ਖੰਡ ਵਿਚ ਦਿੱਤੀ ਇਸ ਟੂਕ ਦੁਆਰਾ ਆਪਣੇ ਮੱਤ ਦੀ ਪੁਸ਼ਟੀ ਕਰਦੇ ਹਾਂ ਕਿ ਰਾਗ 'ਦਿੱਤੇ ਪੈਟਰਨ' ਵਿਚੋਂ ਇੱਟਾਂ ਦਾ ਇਕ ਘਰ ਬਣਾਉਣਾ ਹੀ ਹੈ। (Vol. IX, p.44) ਪਦਿੱਤਾ ਪੈਟਰਨ' ਵਾਸਤਵ ਵਿਚ ਰਾਗ ਦੇ ਕਿਸੇ ਅੰਦਰਲੇ ਰੂਪ ਨਾਲ ਹੀ ਸੰਬੰਧ ਰੱਖਦਾ ਹੈ।

'ਰਾਗ-ਰੂਪ' ਦੀ ਸਿਰਜਣਾ ਤੋਂ ਅੱਗੇ ਕਲਾਕਾਰ ਦੀ ਇੱਕ ਹੋਰ ਸਮੱਸਿਆ ਇਹ ਹੈ ਕਿ ਉਸ ਨੇ ਰਾਗ ਦੇ ਅੰਤ੍ਰੀਵ-ਰੂਪ ਅਤੇ ਰੁੱਤ ਦੇ ਬਾਹਰਲੇ ਰੂਪ ਨੂੰ ਸੁਮੇਲ ਕੇ ਇੱਕ ਸੁਰ ਕਰਨਾ ਹੁੰਦਾ ਹੈ। ਰੁੱਤ-ਸੰਬੰਧਿਤ ਰਾਗ ਇੱਕ ਤਾਂ ਰੁੱਤ ਦਾ ਬਿੰਬ ਪੇਸ਼ ਕਰਦਾ ਹੈ ਅਤੇ ਦੂਜਾ ਇਹ ਬਿੰਬ ਰੁੱਤ ਸੰਬੰਧੀ ਸੌਂਦਰਯਮਈ ਆਨੰਦ ਦਾ ਭਾਵ ਦਿੰਦਾ ਹੈ। ਸਾਡੀ ਜਾਚੇ ਜੇਕਰ ਰੁੱਤ ਦਾ ਰੂਪ ਅਤੇ ਰਾਗ ਦਾ ਬਿੰਬ ਇਕੋ ਜੇਹਾ ਨਹੀਂ ਤਾਂ ਰਾਗ ਅਸ਼ੁਧ ਹੋਵੇਗ। ਦੀਪਕ ਰਾਗ ਇੱਕ ਤਰ੍ਹਾਂ ਅੱਗ ਦਾ ਰਾਗ ਹੈ। ਨਿਪੁੰਨ ਰਾਗੀ ਆਪਣੇ ਵਿਚੋਂ ਹੀ ਰਾਗ ਦੁਆਰਾ ਆਪ ਨੂੰ ਅੱਗ ਲਾ ਲੈਂਦਾ ਹੈ। ਏਸੇ ਕਰਕੇ ਹੀ ਭਾਰਤੀ ਸੰਗੀਤਕਾਰ ਅਤੇ ਰਾਗੀ ਇਸ ਰਾਗ ਦੀ ਵਰਤੋਂ ਨਹੀਂ ਕਰਦੇ। ਰਾਗੀ ਬਾਹਰਲੀ ਅੱਗ ਦੇ ਸ੍ਵਰੂਪ ਨੂੰ ਅੰਦਰਲੀ ਅਭੇਦ ਹੋ ਜਾਂਦੇ ਹਨ। ਇਸੇ ਲਈ ਰਾਗ ਆਪਣੇ ਵਾਤਾਵਰਣ ਦਾ ਇੱਕ ਪ੍ਰਬੰਧ ਮੰਗਦਾ ਹੈ। ਕੋਈ ਵੀ ਰਾਗੀ ਇਨ੍ਹਾਂ ਦੋਹਾਂ ਦੇ ਪ੍ਰਬੰਧ ਤੋੜ ਕੇ ਰਾਗੀ ਨਹੀਂ ਬਣ ਸਕਦਾ।

ਗੁਰੂ ਨਾਨਕ ਦੇਵ ਨੇ ਰੁੱਤਾਂ-ਸੰਬੰਧਿਤ ਰਾਗ ਬਸੰਤ (ਬਸੰਤ ਹਿੰਡੋਲ) ਰਚਿਆ ਹੈ ਜਿਸ ਦਾ ਸੰਬੰਧ ਬਸੰਤ ਰੁੱਤ ਨਾਲ ਹੈ। ਰਾਗ ਤਿਲੰਗ, ਸਾਰੰਗ, ਮਲਾਰ, ਵਡਹੰਸ ਅਤੇ ਸੋਰਠਿ ਬਰਖਾ ਰੁੱਤ ਦੇ ਰਾਗ ਹਨ। ਗੁਰੂ ਨਾਨਕ ਦੇਵ ਦੇ ਸਾਰਿਆਂ ਰਾਗਾਂ ਵਿਚ ਪਰਮ-ਸਤਿ ਦੇ ਅਨੁਭਵ ਦੀ ਇਕੋ ਭਾਵ-ਲਹਿਰ ਦਾ ਪ੍ਰਵਾਹ ਹੈ ਪਰ ਇਹ ਭਾਵ-ਲਹਿਰ ਰਾਗਾਂ ਦੀਆਂ ਵੱਖ ਵੱਖ ਪ੍ਰਕ੍ਰਿਤੀਆਂ ਅਨੁਕੂਲ ਪ੍ਰਗਟਾਵੇ ਦੇ ਭਿੰਨ ਭਿੰਨ ਰੂਪਾਂ ਵਿਚ ਪ੍ਰਵਾਹਿਤ ਕੀਤੀ ਗਈ ਹੈ; 'ਰਾਗ-ਬਸੰਤ' ਵਿਚੋਂ ਪਰਮ-ਸਤਿ ਬਸੰਤ ਰੁੱਤ ਦੇ ਪ੍ਰਤੀਕ ਦੁਆਰਾ ਬਿੰਬਤ ਹੁੰਦਾ ਹੈ। ਕਰਮਪੇਡ, ਧਰਮ ਫੁਲ ਅਤੇ ਫਲ ਗਿਆਨ ਬਣਦੇ ਹਨ।

"ਕਰਮ ਪੇਡੁ ਸਾਖਾ ਹਰੀ ਧਰਮ, ਫੁਲੁ ਫਲੁ ਗਿਆਨੁ॥

ਪਤ੍ਰ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨੁ॥(ਮ.੧, ਰਾਗ ਬਸੰਤ)

ਰਾਗ ਮਲਾਰ ਜੋ ਮੇਘ ਰਾਗ ਦੀ ਰਾਗਣੀ ਹੈ ਵਿਚ ਪਰਮ-ਸਤਿ ਮੇਘਾਂ ਦੇ ਪ੍ਰਤੀਕ ਦੁਆਰਾ ਬਿੰਬਤ ਹੋਇਆ ਹੈ

ਅਤੇ ਜੀਵ ਆਤਮਾ ਚਾਤ੍ਰਿਕ ਦੇ ਪ੍ਰਤੀਕ ਰੂਪ ਵਿਚ ਅੰਮ੍ਰਿਤ ਬੂੰਦ ਲਈ ਤਰਸਦੀ ਹੈ :

"ਬਰਸ ਘਨਾ ਮੇਰਾ ਮਨੁ ਭੀਨਾ ॥

ਅੰਮ੍ਰਿਤ ਬੂੰਤ ਸੁਹਾਨੀ ਹੀਅਰੈ ਗੁਰਿ ਮੋਹੀ ਮਨੁ ਹਰਿ ਰਸਿ ਲੀਨਾ॥ (ਮ.੧ ਰਾਗ- ਮਲਾਰ, ਚਉਪਦੇ ਘਰ ੧)

ਜਾਂ

"ਚਾਤ੍ਰਿਕ ਜਲ ਬਿਨੁ ਪ੍ਰਿਉ ਪ੍ਰਿਉ ਟੇਰੈ ਬਿਲਪ ਕਰੈ ਬਿਲਲਾਈ॥

ਘਨਹਰ ਘੋਰ ਦਸੌਦਿਸਿ ਬਰਸੈ ਬਿਨੁ ਜਲ ਪਿਆਸ ਨਾ ਜਾਈ॥" (ਮ.੧ ਰਾਗ- ਮਲਾਰ, ਅਸਟਪਦੀਆਂ ਘਰ ੧)

ਰਾਗ ਸਾਰੰਗ ਜੋ ਬਰਖਾ ਰੁੱਤ ਦਾ ਰਾਗ ਹੈ, ਪਰਮ-ਸਤਿ ਨੂੰ ਬਰਖਾ ਦੇ ਪ੍ਰਤੀਕ ਦੁਆਰਾ ਪ੍ਰਗਟਾਇਆ ਗਿਆ ਹੈ :

"ਊਨਵ ਘਨਹਰ ਗਰਜੈ ਕੋਇਲ ਮੋਰ ਬੈਰਾਗੇ ॥

ਤਰਵਰ ਬਿਰਖ ਬਿਹੰਗ ਭੁਇਅੰਗਮ ਘਰਿ ਪਿਰੁ ਧਨ ਸੋਹਾਗੇ॥ ਮ.੧ ਰਾਗੁ ਸਾਰੰਗ ਚਉਪਦੇ ਘਰੁ ੧

ਰਾਗ ਤਿਲੰਗ ਵੀ ਜੋ ਬਰਖਾ ਰੁੱਤ ਦਾ ਰਾਗ ਹੈ, ਵਿਚ ਵੀ ਪਰਮ-ਸਤਿ ਨੂੰ ਉਪਰੋਕਤ ਅਨੁਸਾਰ ਹੀ ਬਿੰਬਿਆ ਗਿਆ ਹੈ:

"ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ ॥

ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲ ਕਰਣਾ ॥

(ਮ.੧ ਰਾਗੁ ਤਿਲੰਗ, ਘਰ-੧)

ਏਸੇ ਪ੍ਰਕਾਰ ਰਾਗ ਵਡਹੰਸ ਅਤੇ ਸੋਰਠਿ ਜੋ ਵਾਸਤਵ ਵਿਚ ਮੇਘ ਰਾਗ ਦੀਆਂ ਰਾਗਣੀਆਂ ਹਨ, ਗੁਰੂ ਨਾਨਕ ਦੇਵ ਨੇ 'ਬਰਖਾ ਰੁੱਤ' ਦੇ ਪ੍ਰਤੀਕ ਦੁਆਰਾ ਹੀ ਪਰਮ-ਸਤਿ-ਅਨੁਭਵ ਦੀ ਅਭਿਵਿਅਕਤੀ ਕੀਤੀਹੈ। ਰਾਗੁ ਵਡਹੰਸ ਵਿਚ 'ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣ- ਆਇਆ' ਦਾ ਰੁੱਤ ਅਨੁਸਾਰੀ ਵਰਣਨ ਹੈ ਅਤੇ ਰਾਗ ਸੋਰਠਿ ਵਿਚ ਹਰ ਥਾਂ ਵਿਆਪਕ ਪਰਮ-ਸਤਿ ਦੀ 'ਮੂਰਤ', 'ਜਲ ਥਲਿ' ਦੇ ਬਿੰਬ ਰਾਹੀਂ ਦਰਸਾਈ ਗਈ ਹੈ:

"ਪੁੜੁ ਧਰਤੀ ਪੁੜੁ ਪਾਣੀ ਆਸਣੁ ਚਾਰਿ ਕੁੰਟ ਚਉਬਾਰਾ॥

ਸਗਲ ਭਵਣ ਕੀ ਮੂਰਤਿ ਏਕਾ ਮੁਖਿ ਤੇਰੈ ਟਕਸਾਲਾ॥ ੧॥

ਮੇਰੇ ਸਾਹਿਬਾ ਤੇਰੇ ਚੋਜ ਵਿਡਾਣਾ॥

ਜਲ ਥਲਿ ਮਹੀਅਲ ਭਰਿਪੁਰਿ ਲੀਣਾ ਆਪੇ ਸਰਬ ਸਮਾਣਾ ॥

(ਮ. ੧ ਰਾਗ ਸੋਰਠਿ, ਪਦੇ)

ਸੋ ਇਸ ਪ੍ਰਕਾਰ ਗੁਰੂ ਨਾਨਕ ਦੇਵ ਜਿਸ ਰੁੱਤ ਦੇ ਰਾਗ ਨੂੰ ਚੁਣਦੇ ਹਨ ਪਰਮ-ਸਤਿ ਨੂੰ ਉਸ ਹੀ ਰੁੱਤ ਦੇ ਵਾਤਾਵਰਣ ਵਿਚੋਂ ਪ੍ਰਤੀਕਾਂ ਅਤੇ ਬਿੰਬਾਂ ਰਾਹੀਂ ਮੂਰਤੀਮਾਨ ਕਰਦੇ ਹਨ ਜਿਵੇਂ ਰਾਗ ਬਸੰਤ ਵਿਚ ਅਧਿਕ ਸ਼ਬਦਾਵਲੀ ਪੇਡੁ, ਸਾਖਾ ਹਰੀ, ਫੁਲ, ਫਲ, ਪਤ, ਛਾਵ ਘਣੀ, ਬਨਾਸਪਤਿ ਮਉਲੀ ਆਦਿ ਬਸੰਤ ਰੁੱਤ ਵਾਲੀ ਹੈ ਅਤੇ ਰਾਗ ਮਲਾਰ, ਸਾਰੰਗ, ਤਿਲੰਗ, ਵਡਹੰਸ ਅਤੇ ਸੋਰਠਿ, ਵਿਚ ਬਰਖਾ ਰੁੱਤ ਨਾਲ ਸੰਬੰਧਿਤ ਸ਼ਬਦਾਵਲੀ ਹੈ ਜਿਵੇਂ: ਸਰਵਰ, ਕਮਲ, ਚਾਤ੍ਰਿਕ, ਜਲ, ਪ੍ਰਿਉ, ਪ੍ਰਿਉ ਘਨਹਰ ਘੋਰ ਦਸੌਦਿਸਿ ਬਰਸੇ, ਮੀਨ, ਬਬੀਹਾ, (ਮ.੧ ਰਾਗੁ ਮਲਾਰ) ਊਨਵ (ਬਦਲ) ਗਰਜੈ, ਬਰਸੈ, ਮੋਰ, ਕੋਕਿਲ, (ਮ.੧ ਰਾਗੁ ਸਾਰੰਗ) ਕੇਸਰ, ਕੁਸਮ (ਫਲ) ਮਿਰਗਮੈ (ਕਸਤੂਰੀ) ਹਰਥ, ਚੰਦਨ, (ਮ.੧ ਰਾਗੁ ਤਿਲੰਗ) ਮੋਰੀ, ਰੁਣ ਝੁਣ, ਸਾਵਣੁ, ਅੰਮ੍ਰਿਤ, ਸੁਹਾਵਾ, ਸਹਾਵੀ, ਮੁਧਰਾੜੀ, ਸਾਰੰਗ, (ਮ.੧ ਰਾਗੁ ਵਡਹੰਸ) ਅੰਮ੍ਰਿਤ, ਪਾਣੀ ਜਲ ਥਲ, ਨੀਰ, ਜਲਨਿਧਿ (ਹੈ.੧ ਰਾਗੁ ਸੋਰਠਿ) ਆਦਿ । ਜੇ 'ਬਸੰਤ ਰਾਗ' ਵਿਚ ਨਾਮ 'ਫਲ'(ਫਲੁ ਨਾਮ-ਪਰਾਪਤਿ ਗੁਰੁ ਤੁਸਿ ਦੇਇ, ਕਹੁ ਨਾਨਕ ਪਾਵਹਿ ਵਿਰਲੇ ਕੋਇ ॥") (ਮ.੧ਰਾਗੁ ਬਸੰਤ, ਪਦੇ) ਬਣਦਾ ਹੈ ਤਾਂ ਰਾਗ-ਮਲਾਰ ਵਿਚ ਨਾਮ (ਸ਼ਬਦ) 'ਜਲ' ਰੂਪ ਹੋ ਜਾਂਦਾ ਹੈ ('ਚਾਤ੍ਰਿਕ ਮੀਨ ਜਲ ਹੀ ਤੇ ਸੁਖ ਪਾਵਹਿ ਸਾਰੰਗ ਸਬਦਿ ਸੁਹਾਈ ॥ ਰੈਨਿ ਬਬੀਹਾ ਬੋਲਿਓ ਮੇਰੀ ਮਾਈ ॥')( -ਮ.੧ ਰਾਗੁ ਮਲਾਰ, ਅਸਟਪਦੀਆਂ , ਘਰ ੧) ਅਤੇ ਰਾਗ ਵਡਹੰਸ ਅਤੇ ਰਾਗ ਸੋਰਠਿ ਵਿਚ ਜੋ ਮੇਘ ਰਾਗ ਦੀਆਂ ਰਾਗਣੀਆਂ ਹਨ ਨਾਮ (ਬਾਣੀ) ਅੰਮ੍ਰਿਤ ('ਤੇਰਾ ਵਖਤੁ ਸੁਹਾਵਾ ਅੰਮ੍ਰਿਤ ਤੇਰੀ ਬਾਣੀ ॥'ਮ.੧, ਰਾਗੁ ਵਡਹੰਸ, ਛੰਤ

'ਕੰਨੀ ਸੁਣਿ ਸੁਣਿ ਸਬਦਿ ਸਲਾਹੀ ਅੰਮ੍ਰਿਤ ਰਿਦੈ ਵਸਾਈ ॥-ਮ.੧, ਰਾਗ ਸੋਰਠਿ, ਪਦੇ) ਹੋ ਜਾਂਦਾ ਹੈ। ਇਸ ਪ੍ਰਕਾਰ ਗੁਰੂ ਨਾਨਕ ਦੇਵ ਰੁੱਤ ਦੇ ਬਾਹਰਲੇ ਅਤੇ ਰਾਗ ਦੇ ਅੰਦਰਲੇ ਬਿੰਬ ਵਿਚਕਾਰ ਅਦ੍ਵੈਤ ਪ੍ਰਾਪਤ ਕਰ ਲੈਂਦੇ ਹਨ ਅਤੇ ਰੁੱਤਾਂ ਅਨੁਸਾਰ ਪ੍ਰਤੀਕ, ਬਿੰਬ, ਉਪਮਾਵਾਂ, ਅਲੰਕਾਰ ਆਦਿ

ਚੁਣਕੇ ਸਭ ਰੁੱਤਾਂ ਨੂੰ ਪ੍ਰਤੀਕ ਰੂਪ ਵਿਚ ਪਰਮ-ਸਤਿ ਦੀ ਅਭਿਵਿਅਕਤੀ ਵਜੋਂ ਵਰਤਦੇ ਹਨ।

ਇਸ ਤੋਂ ਬਿਨਾਂ ਗੁਰੂ ਨਾਨਕ ਦੇਵ ਦੇ ਰਾਗਾਂ ਦੀ ਇੱਕ ਹੋਰ ਵਿਸ਼ਿਸ਼ਟ ਵਡਿਆਈ ਇਹ ਹੈ ਕਿ ਉਹ ਰੁੱਤ-ਵਰਣਨ ਸਮੇਂ ਜਿਥੇ ਵਿਸ਼ੇਸ਼ ਰੁੱਤ-ਵਰਣਨ ਸੰਬੰਣੀ ਹੀ ਸ਼ਬਦਾਵਲੀ ਵਰਤਦੇ ਹਨ ਉਥੇ ਉਹ ਸ਼ਬਦਾਵਲੀ ਨੂੰ ਭਾਸ਼ਾ ਪੱਖ ਤੋਂ ਵੀ ਰਾਗ ਦੀ ਪ੍ਰਕ੍ਰਿਤੀ ਅਨੁਕੂਲ ਪ੍ਰਯੋਗ ਕਰਦੇ ਹਨ। ਜਿਵੇਂ ਰਾਗ ਤਿਲੰਗ ਜੋ ਹਿੰਡੋਲ ਰਾਗ ਦੀ ਰਾਗਣੀ ਹੈ ਅਤੇ ਜਿਸ ਦਾ ਸੰਬੰਧ ਮੁਸਲਮਾਨੀ ਸਭਿਆਚਾਰ ਨਾਲ ਵੀ ਜੋੜਿਆ ਜਾਂਦਾ ਹੈ, ਵਿਚ ਫਾਰਸੀ ਦੇਵੀ ਰਲਵੇਂ ਮਿਲਵੇਂ ਸ਼ਬਦ ਹਨ ਅਤੇ ਇਕ ਸ਼ਬਤ ਵਿਚ ਤਾਂ ਫਾਰਸੀ ਭਾਸ਼ਾ ਦੀ ਹੀ ਪ੍ਰਧਾਨਤਾ ਅੰਕਿਤ ਕੀਤੀ ਗਈ ਹੈ।( 'ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ ॥ਹਕਾ ਕਬੀਰ ਕਰੀਮ ਤੂ ਬੇ ਐਬ ਪਰਵਦਗਾਰ ॥੧ ॥

ਦੁਨੀਆਂ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ ॥

ਮਮ ਸਰ ਮੂਇ ਅਜਰਾਈਲ ਕਿਰਫਤਹ ਦਿਲ ਹੇਚ ਨ ਦਾਨੀ ॥੧ ਰਹਾਉ॥

ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ ॥

ਆਖਿਰ ਬਿਅਫਤਮ ਕਸ ਨ ਦਾਰਦ ਚੂ ਸਵਦ ਤਕਬੀਰ ॥

ਸਬ ਰੋਜ ਗਬਤਮ ਦਰ ਹਵਾ ਕਰ ਦੇਮ ਬਦੀ ਖਿਆਲ ॥

ਗਾਹੇ ਨ ਨੇਕੀ ਕਾਰ ਕਰਦਮ ਮਮ ਈਂ ਚਿਨੀ ਅਹਵਾਲ

ਬਦਬਖਤ ਹਮ ਚੁ ਬਖੀਲ ਗਾਫਲ ਬੇਨਜਰ ਬੇਬਾਕ )॥ ਇਸ ਤੋਂ ਬਿਨਾਂ ਮੁਗਲਾਂ( 'ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ )॥

ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥' -ਮ.੧, ਰਾਗੁ ਤਿਲੰਗ, ਪਦੇ- ਦਾ ਆਉਣਾ ਵੀ ਏਸੇ ਹੀ ਰਾਗ ਵਿਚ ਆਾਂ

ਜਿਤ ਕੀਤਾ ਗਿਆ ਹੈ। ਉਪਰੋਕਤ ਵਿਚਾਰ ਤੋਂ ਸਪੱਸ਼ਟ ਹੈ ਕਿ ਗੁਰੂ ਨਾਨਕ ਦੇਵ ਰਾਗ ਦੀ ਪ੍ਰਕ੍ਰਿਤੀ ਅਨੁਕ ਹੀ ਆਪਣੇ ਭਾਵ ਨੂੰ ਬਿੰਬਦੇ ਹਨ ।

(ਚਲਦਾ)



## ਗੁਰਮਤਿ ਸੰਗੀਤ ਪੁਸਤਕਾਂ ਦੀ ਜਾਣਕਾਰੀ

# ਨਵੀਨ ਗੁਰਮਤਿ ਸੰਗੀਤ

**ਲੇਖਕ : ਸੰਤ ਚਰਨਜੀਤ ਸਿੰਘ** (ਐੱਮ. ਐੱਸ. ਸੀ. ਐਸੋ. ਸੀ. ਏ. ਆਈ. ਈ. ਈ. ਯੂ. ਐਸ. ਏ.)

ਗੁਰਜੰਟ ਸਿੰਘ ਰਾਹੀ

ਲੇਖਕ ਦੀਆਂ ਡਿਗਰੀਆਂ ਤੋਂ ਹੀ ਗਿਆਤ ਹੁੰਦਾ ਹੈ ਕਿ ਦੁਨੀਆਵੀ ਵਿੱਦਿਆ ਦੇ ਧਨੰਤਰ ਹਨ। ਸੰਤ ਚਰਨਜੀਤ ਸਿੰਘ ਨੂੰ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਵਾਲਿਆਂ ਦੀ ਸੰਗਤ ਰਹੀ ਸੀ ਸੰਤਾਂ ਦੀ ਪ੍ਰੇਰਨਾ ਸਦਕਾ ਉਚ ਪੜ੍ਹਾਈ ਲਈ ਯੂ. ਐਸ. ਏ. ਭੇਜਿਆ। ਜਿੱਥੇ ਉਹਨਾਂ ਪੂਰੀ ਲਗਨ ਨਾਲ ਪੜ੍ਹਾਈ ਪੂਰੀ ਕੀਤੀ ਅਤੇ ਨੌਕਰੀ ਕੀਤੀ। ਯੂ. ਐਸ. ਏ. ਰਹਿੰਦੇ ਸਮੇਂ ਚੰਗੇ ਰਾਗੀ ਰਬਾਬੀਆਂ ਤੋਂ ਪੁਰਾਤਨ ਬੰਦਸ਼ਾਂ ਸਿੱਖੀਆਂ। ਇਹ ਪੁਸਤਕ ਬਹੁਤ ਹੀ ਪਹਿਲਾਂ ਦੀ ਲਿਖੀ ਗਈ ਹੈ। ਪਰ ਛਪੀ ਬਹੁਤ ਦੇਰ ਮਗਰੋਂ। ਉਹਨਾਂ ਦੇ ਵਾਰਸਾਂ ਵੱਲੋਂ ਛਪਵਾਈ ਗਈ ਹੈ। ਅੱਜ ਤੋਂ ਤਿੰਨ ਚਾਰ ਦਹਾਕੇ ਪਹਿਲਾਂ ਲਿਖੀ ਗੁਰਮਤਿ ਸੰਗੀਤ ਦੀ ਪੂਰੀ ਤਰ੍ਹਾਂ ਸਹੀ ਲਿਪੀ ਵਧ ਪੁਸਤਕ ਹੈ। ਜਿਸ ਤੋਂ ਲੇਖਕ ਦੀ ਮਿਹਨਤ ਅਤੇ ਸੂਝ ਦਾ ਪਤਾ ਲਗਦਾ ਹੈ। ਇਸ ਵਿਚ ਪਹਿਲੇ 23 ਪਾਠਾਂ ਵਿਚ ਸੰਗੀਤ ਦੀ ਥਿਉਰੀ ਹੈ। ਜਿਸ ਵਿਚ ਸੰਗੀਤ ਦੀਆਂ ਮੁੱਢਲੀਆਂ ਪਰਿਭਾਸ਼ਾਵਾਂ ਜਿਵੇਂ ਸੰਗੀਤ, ਲੈਅ, ਥਾਟ ਆਰੋਹ ਅਵਰੋਹ ਸੁਰ, ਸ਼ਰੁਤੀ ਆਦਿ ਸੰਖੇਪ ਸ਼ਬਦਾਂ ਵਿਚ ਥਿਉਰੀ ਲਿਖੀ ਹੈ। ਜੋ ਵਿਦਿਆਰਥੀਆਂ ਲਈ ਲਾਹੇਵੰਦ ਰਹੇਗੀ। ਅਗਲੇ ਭਾਗ ਪ੍ਰੈਟੀਕਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 31 ਰਾਗਾਂ ਦਾ ਪ੍ਰਚੀ ਆਰੋਹ ਅਵਰੋਹ ਪਕੜ ਅਤੇ ਰਾਗ ਦੀ ਸੁਰ ਸੰਗਤੀਆਂ ਅਲਾਪ ਆਮ ਤੌਰ ਤੇ ਸ਼ਬਦ ਦੀ ਇਕ ਸਥਾਈ ਅਤੇ ਅੰਤਰੇ ਦੀ ਹੀ ਲਿਖੀ ਲਿਖੀ ਜਾਂਦੀ ਹੈ। ਪਰ ਇਸ ਵਿਚ ਪੂਰੇ ਸ਼ਬਦ ਦੇ ਅੰਤਰਿਆਂ ਦੀ ਲਿਪੀ-ਲਿਖੀ ਗਈ ਹੈ। ਰਾਗਾਂ ਵਿਚ ਰਾਗਾਂ ਦੇ ਦੂਸਰੇ ਪ੍ਰਕਾਰਾਂ ਦਾ ਵਿਸਥਾਰ ਨਾਲ ਪ੍ਰੀਚੇ ਅਤੇ ਬੰਦਸ਼ਾਂ ਲਿਖੀਆਂ ਗਈਆਂ ਹਨ:

ਰਾਗ ਗਾਉੜੀ : ਭੈਰਓ ਥਾਟ ਦੀ, ਗਉੜੀ ਪੂਰਬੀ ਥਾਟ, ਗਉੜੀ ਚੇਤੀ, ਰਾਉੜੀ ਮਾਲਵਾ

ਟੋਡੀ : ਦੇਸੀ ਟੋਡੀ, ਬਿਲਾਸਖਾਨੀ ਟੋਡੀ, ਖਟ ਟੋਡੀ, ਲਾਚਾਰੀ ਟੋਡੀ, ਭੂਪਾਲ ਟੋਡੀ।

ਬਿਲਾਵਲ : ਸ਼ੁਕਲ ਬਿਲਾਵਲ, ਦੇਵਗਿਰੀ ਬਿਲਾਵਲ, ਅਲਈਆ ਬਿਲਾਵਲ, ਐਮਨੀ ਬਿਲਾਵਲ ਦਾ, ਕੁੰਭਕ ਬਿਲਾਵਲ, ਲਟ ਬਿਲਾਵਲ, ਦੇਵ ਗਿਰੀ ਬਿਲਾਵਲ ਆਦਿ।

ਰਾਗ ਲਾਖਾ ਸਾਖ : ਇਹ ਬਿਲਾਵਲ ਥਾਟ ਦਾ ਸੰਪੂਰਨ ਰਾਗ ਹੈ। ਜਿਸ ਵਿਚ ਵਾਦੀ ਧਾਂ ਸਾਂਵਾਦੀ ਗਾ ਦੋਨੋ ਨੀ, ਧਾ ਮਾ ਦੀ ਸੁਰ ਸੰਗਤੀ। ਇਹ ਰਾਗ ਝੰਝੋਟੀ ਅਤੇ ਖਮਾਜ ਦਾ ਮੇਲ ਹੈ। ਇਸ ਤਰ੍ਹਾਂ ਬਹੁਤ ਸਾਰੇ ਅਪ੍ਰਚਿਲਤ ਰਾਗਾਂ ਬਾਰੇ ਜਾਣਕਾਰੀ ਦਿੰਦੀ ਹੈ।

ਕੇਦਾਰਾ : ਮਲੋਹਾ ਕੇਦਾਰਾ ਅਤੇ ਜਲਧਰ ਕੇਦਾਰਾ

ਭੈਰਉ : ਅਹੀਰ ਭੈਰਉ, ਆਨੰਦ ਭੈਰਓ, ਕੋਸੀ ਭੈਰਓ, ਨਟ ਭੈਰਉ, ਰਾਗ ਸਿਮਰਤ ਭੈਰਓ, ਬੰਗਾਲ ਭੈਰਓ, ਅਤੇ ਪ੍ਰਭਾਤ ਭੈਰਓ।

ਸਾਰੰਗ : ਸੁਧ ਸਾਰੰਗ ਬ੍ਰਿਦਾਵਨੀ ਸਾਰੰਗ, ਮਧਮਾਦ ਸਾਰੰਗ, ਸਾਵੰਤ ਸਾਰੰਗ, ਮੀਆਂ ਦੀ ਸਾਰੰਗ, ਗੋਡ ਸਾਰੰਗ, ਲੰਕ ਦਹਨ ਸਾਰੰਗ।

ਮਲ੍ਹਾਰ : ਮੇਘ ਮਲ੍ਹਾਰ, ਸੂਰਦਾਸੀ ਮਲ੍ਹਾਰ, ਗੋਡ ਮਲ੍ਹਾਰ ਮੀਆ ਕੀ ਮਲ੍ਹਾਰ, ਨਟ ਮਲ੍ਹਾਰ।

ਕਾਨੜਾਂ : ਦਰਬਾਰੀ ਕਾਨੜਾ, ਨਾਇਕੀ ਕਾਨੜਾ, ਬਾਗੇਸਰੀ ਕਾਨੜਾ, ਸਹਾਨਾ ਕਾਨੜਾ, ਰੇਵਤੀ ਕਾਨੜਾ, ਅਭੋਗੀ ਕਾਨੜਾ, ਅੜਾਨਾ ਕਾਨੜਾ

ਕਲਿਆਣ : ਸੁਧ ਕਲਿਆਣ, ਐਮਨ ਕਲਿਆਣ, ਭੁਪਾਲੀ ਕਲਿਆਣ, ਸ੍ਰੀ ਕਲਿਆਣ।

ਇਸ ਤਰ੍ਹਾਂ ਰਾਗਾਂ ਦੇ ਦੂਜੇ ਪ੍ਰਚਲਤ ਅਪ੍ਰਚਲਤ ਰਾਗਾਂ ਵਿਚ ਸੁਰ ਲਿਪੀਆਂ ਲਿਖੀਆਂ ਗਈਆਂ ਹਨ ਜ਼ਿਆਦਾ ਤੀਨਤਾਲ ਤੋਂ ਬਿਨਾਂ ਚਾਰ ਤਾਲ, ਝਪ ਤਾਲ ਅਤੇ ਰੂਪਕ ਤਾਲਾਂ ਵਿਚ ਲਿਖੀ ਬਧ ਕੀਤੀਆਂ ਹਨ। ਆਮ ਤੌਰ ਤੇ ਉਪਰ ਸੁਰ ਲਿਖੀ ਲਿਖੀ ਹੁੰਦੀ ਹੈ। ਦੂਜੀ ਪੰਗਤੀ ਵਿਚ ਸ਼ਬਦ ਦੀ ਪੰਗਤੀ ਹੁੰਦੀ ਹੈ। ਪਰ ਇਸ ਵਿਚ ਸ਼ਬਦ ਦੀ ਪੰਗਤੀ ਉਪਰ ਸੁਰ ਹੇਠਾਂ ਲਿਖਿਆ ਗਿਆ ਹੈ। ਸ਼ਾਇਦ ਸ਼ਬਦ ਦੀ ਪ੍ਰਧਾਨਤਾ ਨੂੰ ਮੁੱਖ ਰੱਖਦੇ ਹੋਏ ਅਜਿਹਾ ਕੀਤਾ ਗਿਆ ਹੈ। ਕੀਰਤਨੀਆਂ ਅਤੇ ਵਿਦਿਆਰਥੀਆਂ ਲਈ ਇਹ ਪੁਸਤਕ ਲਾਹੇਵੰਦ ਹੋ ਸਕਦੀ ਹੈ।

ਗੁਰਮਤਿ ਸੰਗੀਤ ਵਿਦਿਆਲਾ, ਸੰਗਰੂਰ

# BOOK REVIEW

**Dr. Kanwaljit Singh**

**Title: Sri Guru Granth Saahib Raag Ratnaakar**

**Language**: Punjabi

**Writer**: *Dr. Gurnam Singh,* Professor & Head, Gurmat Sangeet Chair Department of Gurmat Sangeet, Punjabi University, Patiala.

**Publisher**: Dharam Prachaar Committee (ShromNee Gurduaaraa Prabandhak Committee), Sri Amritsar. October, 2005.

**Pages**: 220 **Price**: Rs. 55/== (Rupees Fifty Five only)

**Content**: Sri Guru Granth Saahib Raag Ratnaakar is very informative and useful book for the students, researchers and Kirtankaars. The musical compositions incorporated in this book are available on cassette, c.d. & d.v.d. formats published by the leading music companies of the world. In this way it is the first book of its kind in the world of music/gurmat sangeet having these unique features. A reader can enjoy practical performance of the compositions simultaneously.

Sri Guru Granth Saahib Raag Ratnaakar gives us basic knowledge of 31 Mukh ragas and 31 raag parkaars used by the BaaNeekaars of Sri Guru Granth Saahib along with a detailed article on Gurmat Sangeet Tradition.

The Aarambhik Shabad (introduction of the book) is written by the President, ShromNee Gurduaaraa Prabandhak Committee. He certifies that the book is written keeping in mind its compatibility to the basic learners under strict discipline of the raga and Dr. Gurnam Singh is the first and foremost scholar in the world serving the community with the recording of all the ragas in Sri Guru Granth Saahib published by H.M.V. in 10 audio cassettes set. The book is published on the eve of 4th century of Prakaash Divas of Sri Guru Granth Saahib.

Aadikaa (the preface) gives us the outline of the book clearly. Referring Sikh Rehat Maryada published by Dharam Prachaar Committee, Sri Amritsar in 24th edition October 1999 Dr. Gurnam Singh writes that Keertan is singing of GurbaaNee under the discipline of prescribed ragas. He gives examples of Mukh Raga & Raag Prakaar included in Sri Guru Granth Saahib i.e. Gaurhee Gaurhee Guaarayree, Gaurhee Poorbee, Gaurhee Deepkee, Gaurhee DakhNee, Gaurhee Maalaa etc. The index of the book is very systematically designed to enable a reader to find the required contents instantly.

Under the article *Gurmat Sangeet Prampraa* the writer has indicated some examples of hymns of Sri Guru Granth Saahib regarding the importance of Keertan and qualities of a keertankaar along with the references from the Holy Granth. A list of main ragas and raga parkaars is included blended with classification of ragas. Other topics touched in this articles i.e. Singing Styles of Gurmat Sangeet, Signs and Headings used in S.G.G.S., Musical Instrumental of the tradition and Keertan Centers established

by the Sikh Guru's.

Full detail and description of all ragas and raga parkaars along with GurbaaNee instances is a unique feature of Guru Granth Saahib Raag Ratnaakar. GurbaaNee text with meanings of demanding Words and musical composition is a salient feature of the book. The rhythmic meters (talas) used in this book are also specified with their basic composition i.e. Thhayka, Matraa, Vibhaag, Taalee, Khaalee are also included in this book for the references of rhythm accompanists.

The book is very useful for the new learners of music/gurmat sangeet but the size of the book is reader friendly. The learner often uses keyboard to have the image of the musical notes in the mind. It could be better if the book comes in a vertical shape.

Department of Gurmat Sangeet
Punjabi University, Patiala


# APPEAL

HELP NEEDY

SHARE THE BLESSINGS

HELP NEEDY

OUR MISSION : TO PROVIDE

- Medical
- Educational
- Vocational
- Community Welfare Services in Deep Rural - Remote Hilly Areas

**YOUR NOBLE GESTURES ENABLED US TO CONTINUE SEWAS**

*for the last fifteen years*

AN ISO 9001 - 2000 CERT. TRUST

**SEWAKS' Charitable Trust (Regd.)**

Regd. Office : SCO 1104 - 05, First Floor, Sector 22-B, Chandigarh-160 022

Tele : 93161-36238, 98786-36268, 98141-01806

E-mail : sewaks@sewaks-helpneedy.com, website : www.sewaks-helpneedy.com

B.O. : 2477, 15TH LANE, DASMESH NAGAR, GILL ROAD, LUDHIANA PH.: 2490820, MOB.: 98156-18154

TRUST CENTRE HARYANA : Sewaks' Sewa Centre, Lal Kothi, Village Behlon, Morni Hills, Panchkula

TRUST CENTRE PUNJAB : Medical Sewa Centre, Village Jhanjeri, P.O. Landran, Tehsil Kharar, Distt. S.A.S Nagar

ASSOCIATES : Gurmat Parsar Medical Sewa Centre, Mundi Kharar, Distt. S.A.S Nagar (Punjab)

ASSIST-HELP : Like minded Charitable Institutes having similar Aims & Objects

IN THE SERVICE OF HUMANITY, SINCE 1994

# ਸੁਰ ਲਿਪੀ

## ਜਬਰ ਜੰਗ ਸਿੰਘ

ਰਾਗੁ - ਕੇਦਾਰਾ

ਥਾਟ:ਕਲਿਆਣ
ਵਰਜਿਤ ਸੁਰ:ਆਰੋਹ ਵਿਚ ਰਿਸ਼ਭ,ਗੰਧਾਰ (ਰੇ,ਗ)
ਅਤੇ ਅਵਰੋਹ ਵਿਚ ਗੰਧਾਰ (ਗ)
ਵਾਦੀ ਸੁਰ:ਮਧਿਅਮ (ਮ)
ਆਰੋਹ:ਸ ਮ, ਮ ਪ, ਧ ਪ, ਨੀ ਧ ਸਂ
ਵਿਸ਼ੇਸ਼ ਸੁਰ ਸੰਗਤੀ:
ਸ ਮ, ਮ॑ ਪ, ਧ  ਪ, ਮ॑ ਪ ਧ ਪ, ਮ ਰੇ ਸ

ਸੁਰ: ਦੋਵੇਂ ਮਧਿਅਮ (ਮ ਮ॑) ਬਾਕੀ ਸ਼ੁਦ
ਜ਼ਾਤੀ:ਔੜਵ -ਸ਼ਾੜਵ
ਸੰਵਾਦੀ ਸੁਰ:ਸ਼ੜਜ (ਸ)ਸਮਾਂ:ਰਾਤ ਦਾ ਚੌਥਾ ਪਹਿਰ
ਅਵਰੋਹ:ਸਂ ਨੀ ਧ ਪ, ਮ॑ ਪ ਧ ਪ ਮ, ਰੇ ਸ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| × | | 2 | | | 0 | | 3 | | |
| ਸਥਾਈ : | | | | | | | | | |
| ਸ | ਸ | ਮ | - | ਮ | ਪ | - | ਪ | - | - |
| ਸ | ਰ | ਨੀ | s | s | ਆ | s | ਇਓ | s | s |
| ਧ | ਨ਼ੀ | ਧ | ਪ | ਮ॑ | ਪ | ਧਪ | ਮ | ਰੇ | ਸ |
| ਨਾ | s | ਥ | ਨਿ | ਧਾ | s | ss | ਨ | s | s |
| ਸਂ | - | ਸਂ | ਸਂ | ਨੀ | ਧ | ਨੀ | ਸਂ | ਸਂ | ਰੇਂ |
| ਨਾ | s | ਮ | s | s | ਪ੍ਰੀ | s | ਤਿ | s | ਲਾ |
| ਨੀ | - | ਨੀ | - | ਸਂ | ਧ | - | ਪ | - | ਪ |
| ਗੀ | s | ਮ | s | ਨ | ਭੀ | s | ਤ | s | ਰਿ |
| ਧ | ਨ਼ੀ | ਧ | ਪ | ਪ | ਮ॑ | ਪ | ਧ | ਧ | ਪ |
| ਮਾ | s | ਗ | s | ਨ | ਕਉ | s | ਹ | s | ਰਿ |

| | | | | | | | | | |
|---|---|---|---|---|---|---|---|---|---|
| ਮ | - | ਮ | - | ਰੇਸ | ਰੇ | - | ਸ | - | ਸ |
| ਦਾ | s | s | s | ss | ਨ | s | s | s | s |

ਅੰਤਰਾ

| | | | | | | | | | |
|---|---|---|---|---|---|---|---|---|---|
| ਪ | ਪ | ਪ | - | - | ਸਂ | - | ਸਂ | - | - |
| ਸੁ | ਖ | ਦਾ | s | s | ਈ | s | ਪੂ | s | s |
| ਧ | ਨੀ | ਸਂ | - | ਰੇਂ | ਨੀ | ਸਂ | ਧ | - | ਪ |
| ਰ | ਨ | ਪ | s | ਰ | ਮੇ | s | ਸੁ | s | ਰ |
| ਸਂ | ਸਂ | ਮਂ | ਮਂ | ਸਂ | ਰੇਂ | - | ਸਂ | - | - |
| ਕ | ਰਿ | ਕਿ | ਰ | ਪਾ | ਰਾ | s | ਖਹੁ | s | s |
| ਧ | ਨੀ | ਸਂ | - | ਰੇਂ | ਨੀ | ਸਂ | ਧ | - | ਪ |
| ਮਾ | s | s | s | s | ਨ | s | s | s | s |
| ਪ | - | ਮ॑ | - | ਪ | ਧ | ਨ਼ੀ | ਧ | - | ਪ |
| ਦੇ | s | ਹੁ | s | s | ਪ੍ਰੀ | s | ਤਿ | s | ਸਾ |
| ਮ॑ | ਪ | ਮ॑ਪ | ਮ॑ਪ | ਧਪ | ਮ | - | ਰੇ | - | ਸ |
| ਧੂ | s | ਸੰs | ss | ਗਿs | ਸੁਆ | s | ਮੀ | s | s |
| ਸਂ | ਸਂ | ਸਂ | - | ਨੀ | ਧ | ਨੀ | ਸਂ | - | ਰੇਂ |
| ਹ | ਰਿ | ਗੁ | s | ਨ | ਰ | ਸ | ਨ | s | ਬ |
| ਨੀ | - | - | - | ਸਂ | ਧ | - | ਪ | - | - |
| ਖਾ | s | s | s | s | ਨ | s | s | s | s |

**Now you can read Amrit Kirtan**
**& Download Kirtan of Dr. Jagir Singh from**
**www.amritkirtan.com**

**Send this information to your friends**

| | | | | | | | | | |
|---|---|---|---|---|---|---|---|---|---|
| ਧ | ਨ਼ੀ | ਧ | - | ਪ | ਮ̍ | ਪ | ਧ | - | ਪ |
| ਹ | ਰਿ | ਗੁ | s | ਨ | ਰ | ਸ | ਨ | s | ਬ |
| | | | | | | | | | |
| ਮ | - | - | - | ਰੇਸ | ਰੇ | - | ਸ | - | - |
| ਖਾ | s | s | s | ss | ਨ | s | s | s | s |

ਸ਼ਬਦ - ਬੋਲ ਵੰਡ

(1)

| | | | | | | | | | |
|---|---|---|---|---|---|---|---|---|---|
| ਸਸ | ਮਗ | ਪ | -ਪ | -ਪ | ਮ̍ਪ | ਧਪ | ਮ | -ਰੇ | -ਸ |
| ਸਰ | ਨੀs | ਆ | sਇ | sਓ | ਨਾs | ਥਨਿ | ਧਾ | sਨ | ss |

(2)

| | | | | | | | | | |
|---|---|---|---|---|---|---|---|---|---|
| ਪਪ | ਨੀਧ | ਸਂ | ਸਂ | - | ਮ̍ਪ | ਧਪ | ਮ | -ਰੇ | -ਸ |
| ਸਰ | ਨੀs | ਆ | ਇਓ | s | ਨਾs | ਥਨਿ | ਧਾ | sਨ | ss |

(3)

| | | | | | | | | | |
|---|---|---|---|---|---|---|---|---|---|
| ਸਂਨੀ | ਧਪ | ਮ̍ਪ | ਧਪ | ਮ̍ਪ | ਮਮ | ਰੇਸ | ਨ਼ੀਸ | ਰੇਸ | ਨ਼ੀਸ |
| ਸਰ | ਨੀs | ਆs | ਇਓ | ss | ਨਾs | ਥਨਿ | ਧਾs | ss | ਨs |
| | | | | | | | | | |
| ਸਸ | ਮਗ | ਪ | -ਪ | -ਪ | ਮ̍ਪ | ਧਪ | ਮ | ਸਰੇ | -ਸ |
| ਸਰ | ਨੀs | ਆ | sਇ | ਤਓ | ਆs | ਇਓ | ਅ | ਇਓ | ss |

ਅਕਾਰਿਕ ਤਾਨਾਂ

(1)

| | | | | | | | | | |
|---|---|---|---|---|---|---|---|---|---|
| ਸਰੇ | ਸਸ | ਮਮ | ਰੇਸ | ਨ਼ੀਸ | ਪਪ | ਮ̍ਪ | ਮਮ | ਰੇਸ | ਨ਼ੀਸ |

(2)

| | | | | | | | | | |
|---|---|---|---|---|---|---|---|---|---|
| ਮ̍ਪ | ਧਪ | ਮ̍ਪ | ਸ਼ਨੀ | ਧਪ | ਮ̍ਪ | ਧਪ | ਮ̍ਪ | ਮਪ | ਰੇਸ |

(3)

| | | | | | | | | | |
|---|---|---|---|---|---|---|---|---|---|
| ਪਪ | ਨੀਧ | ਸਂਨੀ | ਰੇਂਸ | ਨੀਸਂ | ਧਪ | ਮ̍ਪ | ਮਮ | ਰੇਸ | ਨ਼ੀਸ |

(4)

| | | | | | | | | | |
|---|---|---|---|---|---|---|---|---|---|
| ਸਰੇ | ਸਸ | ਮਮ | ਰੇਸ | ਮਪ | ਧਪ | ਮਮ | ਰੇਸ | ਮ̍ਪ | ਧਪ |
| ਸਂਨੀ | ਧਪ | ਮ̍ਪ | ਧਨ਼ੀ | ਧਪ | ਮ̍ਪ | ਮਮ | ਰੇਸ | ਨ਼ੀਸ | ਰੇਸ |

## ਅੰਗ ੧੧੧੯

ang 1119
Page 1119

## ਕੇਦਾਰਾ ਮਹਲਾ ੫ ਘਰੁ ੪

kaedhaaraa mehulaa 5 ghur 4
Kaydaaraa, Fifth Mehl, Fourth House:

## ੴ ਸਤਿਗੁਰ ਪ੍ਰਸਾਦਿ ॥

ik ounkaar sathigur prusaadh
One Universal Creator God. By The Grace Of The True Guru:

## ਸਰਨੀ ਆਇਓ ਨਾਥ ਨਿਧਾਨ ॥

surunee aaeiou naath nidhaan
I have come to Your Sanctuary, O Lord, O Supreme Treasure.

## ਨਾਮ ਪ੍ਰੀਤਿ ਲਾਗੀ ਮਨ ਭੀਤਰਿ ਮਾਗਨ ਕਉ ਹਰਿ ਦਾਨ ॥੧॥ ਰਹਾਉ ॥

naam preeth laagee mun bheethar maagun ko har dhaan
Love for the Naam, the Name of the Lord, is enshrined within my mind; I beg for the gift of Your Name. ||1||Pause||

## ਸੁਖਦਾਈ ਪੂਰਨ ਪਰਮੇਸੁਰ ਕਰਿ ਕਿਰਪਾ ਰਾਖਹੁ ਮਾਨ ॥

sukhudhaaee poorun purumaesur kar kirupaa raakhuhu maan
O Pefect Transcendent Lord, Giver of Peace, please grant Your Grace and save my honor.

## ਦੇਹੁ ਪ੍ਰੀਤਿ ਸਾਧੂ ਸੰਗਿ ਸੁਆਮੀ ਹਰਿ ਗੁਨ ਰਸਨ ਬਖਾਨ ॥੧॥

dhaehu preeth saadhoo sung suaamee har gun rusun bukhaan
Please bless me with such love, O my Lord and Master, that in the Saadh Sangat, the Company of the Holy, I may chant the Glorious Praises of the Lord with my tongue. ||1||

## ਗੋਪਾਲ ਦਇਆਲ ਗੋਬਿਦ ਦਮੋਦਰ ਨਿਰਮਲ ਕਥਾ ਗਿਆਨ ॥

gopaal dhaeiaal gobidh dhumodhur nirumul kuthaa giaan
O Lord of the World, Merciful Lord of the Universe, Your sermon and spiritual wisdom are immaculate and pure.

## ਨਾਨਕ ਕਉ ਹਰਿ ਕੈ ਰੰਗਿ ਰਾਗਹੁ ਚਰਨ ਕਮਲ ਸੰਗਿ ਧਿਆਨ ॥੨॥੧॥੩॥

naanuk ko har kai rung raaguhu churun kumul sung dhiaan
Please attune Nanak to Your Love, O Lord, and focus his meditation on Your Lotus Feet. ||2||1||3||

# Priceless Lesson

- Life is short but a smile takes barely a second.
- Every tear has a smile behind it.
- A smile is a curve that sets everything straight.
- A good neighbor is a fellow who smiles at you over the back fence, but doesn't climb over it.
- If you see a friend without a smile; give him one of yours.
- A smile starts on the lips, A grin spreads to the eyes, A chuckle comes from the belly; But a good laugh bursts forth from the soul, Overflows, and bubbles all around
- Because of your smile, you make life more beautiful.
- Too often we underestimate the power of a smile, which have the potential to turn a life around.
- Smiles are the language of love.
- The real man smiles in trouble, gathers strength from distress, and grows brave by reflection.
- A smile is an inexpensive way to change your looks
- All people smile in the same language.
- Children smile on the average 400 times /day; Adults: 15 times/day. Ever wonder why?
- A warm smile is the universal language of kindness.
- If I thought that a smile of mine, might linger the whole day through and lighten some heart with a heavier part, I'd not withhold it -- Would you? ??
- Smile because God gave Human this beautiful gift - A Smile....I sometimes wonder do animals have this beautiful gift of smiling???
- Smile, not becauseit costs you or not, but because you can make someone smile and make their day

So Smileeeeeee please :-)) ...... Hmmm... Good, looks very good, infact suits you the best !!! AND SO IS YOURS !!!

YOUR SMILE IS YOUR BEST FRIEND._._._.MAKE IT SOME ONE ELSE'S TOO ! BE HAPPY,IT'S ONE WAY OF BEING WISE,

Presentation :
Harbhajan Singh Chopra
chroprahbs@gmail.com

**PAGE SPONSORED BY : AHUJA FAMILY**
**C-353, Defence Colony New Delhi 110 024**

Postal Regd. No. G/CDH/0045/2009-10 RNI Regd. No. 46788/89 ISSN 0972-2335

# Expectance or Acceptance

Since last few days, I have been feeling as if I am getting into the history of Divine Gurus. I get a lot of knowledge, some I could retain & some I could not.., but asking the same thing from others, I could retrieve that it is difficult to keep the knowledge on mind but of course the being who could not let the information off the mind, becomes close to Waheguru Ji..,

I am heartily thankful to Dr. Jagir Singh, Hony. auditor of esteemed magazine “Amrit Kirtan”, through which he encouraged me to gain ancillary knowledge about Sikhism. I surfed the site for quite long with whole of my heart & soul & requested Dr. Singh to give me a chance of growing with them, of putting my enthusiasm into performance, of serving & reaching Waheguru Ji as close as possible.. I prayed to Waheguru Ji to allow me to become a part of you, a part of the divine magazine...

I am sure I will not be disappointed & will definitely get a venture to express myself.., the faith which I am holding is due to the prayer I offer HIM daily, called “ARDAS”

I read an article on Amritkirtan.com written by Almighty's person, Sab Parmaatma Dai Hath.. I put my due respect to him & his words. Really Waheguru ji never puts us into troubles; rather we create them for us ourself. Parmaatma has given us the intellectual power & strength to act wisely & take decisions to some extent taking the basic principles into consideration which are created by Guru Ji. Their teachings & preachings are necessary to be followed to attain salvation... We normally by doing ill works cannot blame Almighty by saying that everything is in God's hands…

Here I would like to introduce my thoughts on the fact that whatever good or bad happens to us, is actually good for us, but in certain situations we take it otherwise & try to find the solution our self, try to have a quarrel with HIM, try to examine HIM by keeping conditions… We do not realize that we just have to workout without expecting anything from HIM.., the inner soul must not ask for anything in return until we achieve salvation, the more delay in getting what we are desperate for, our excitement gets vanished, Here Guru ji want us to comprehend the value of those wishes which we are desperate for.. We break off with worldly desires & covet, and we do not endure any contented & tear-jerking emotions…,

Rather our mind & soul stay idyllic & becomes blissful for the hope of getting amalgamated with Waheguru Ji.

I would like to add on… Karam Kiye Ja, Baaki Sab Mujh Par Chhod De- its true but accepting & implementing it practically is quite difficult. One cannot stop himself to expect from Waheguru Ji & he actually offers HIM with prayers for the hope of getting through with his desperations…

Damanpreet Sahni
damanpreetsahni@ymail.com